# ਨੌਵੇਂ ਗੁਰੂ ਨਾਨਕ

## ਗੁਰੂ ਤੇਗ਼ ਬਹਾਦਰ ਜੀ

ਮਾਰਚ ੧੩, ੨੦੨੧

ਸ਼੍ਰੀ ਹੇਮਕੁੰਟ ਫਾਉਂਡੇਸ਼ਨ ਇੰਕ

ਦੇ

ਸ਼ਰਧਾਲੂ ਸੇਵਾਦਾਰਾਂ ਵਲੋਂ

# ਤਤਕਰਾ


| # | ਵਿਸ਼ਾ | ਪੰਨਾ |
|---|---|---|
| | ਭੂਮਿਕਾ | ੩ |
| ੧ | ਜਨਮ ਅਤੇ ਮੁਢਲਾ ਜੀਵਨ | ੫ |
| ੨ | ਪਹਿਲੀ ਜੰਗ | ੭ |
| ੩ | ਕੀਰਤਪੁਰ ਵਿਚ ਟਿਕਾਉ | ੮ |
| ੪ | ਬਕਾਲਾ ਵਿਖੇ ਨਿਵਾਸ | ੯ |
| ੫ | ਪਹਿਲਾ ਮਿਸ਼ਨਰੀ ਦੌਰਾ | ੧੦ |
| ੬ | ਤੇਗ਼ ਬਹਾਦਰ ਜੀ ਨੌਵੇਂ ਨਾਨਕ ਵਜੋਂ | ੧੨ |
| ੭ | ਖਿਮਾ ਬਖ਼ਸ਼ਸ਼ ਕਰਨ ਦਾ ਸੰਦੇਸ਼ | ੧੪ |
| ੮ | ਸਿੱਖ ਪੁਜਾਰੀਆਂ ਦਾ ਖੁਦਗਰਜ਼ ਵਿਵਹਾਰ | ੧੫ |
| ੯ | ਅਨੰਦਪੁਰ ਸਾਹਿਬ ਦੀ ਸਥਾਪਨਾ | ੧੬ |
| ੧੦ | ਦੂਜੀ ਮਿਸ਼ਨਰੀ ਯਾਤਰਾ ਅਤੇ ਗੋਬਿੰਦ ਰਾਏ ਦਾ ਜਨਮ | ੧੭ |
| ੧੧ | ਧਰਮ ਦੀ ਆਜ਼ਾਦੀ ਦਾ ਹੱਕ | ੧੯ |
| ੧੨ | ਦਸਵੇਂ ਨਾਨਕ ਵਜੋਂ ਗੋਬਿੰਦ ਰਾਏ | ੨੦ |
| ੧੩ | ਨੌਵੇਂ ਨਾਨਕ ਦੀ ਗ੍ਰਿਫ਼ਤਾਰੀ | ੨੧ |
| ੧੪ | ਨੌਵੇਂ ਨਾਨਕ ਦੀ ਸ਼ਹਾਦਤ | ੨੨ |
| ੧੫ | ਨੌਵੇਂ ਨਾਨਕ ਦੀਆਂ ਯਾਤਰਾਵਾਂ ਦਾ ਰੇਖਾ-ਚਿਤਰ | ੨੫ |
| ੧੬ | ਮਹੱਤਵਪੂਰਣ ਯੋਗਦਾਨ | ੨੬ |
| ੧੭ | ਨੌਵੇਂ ਨਾਨਕ ਦੇ ਜੀਵਨ ਦੀਆਂ ਵਿਸ਼ੇਸਤਾਵਾਂ | ੨੭ |
| ੧੮ | ਮਹਤਵਪੂਰਣ ਅੰਤਰਰਾਸ਼ਟ੍ਰੀ ਘਟਨਾਵਾਂ | ੨੮ |
| | ਹਵਾਲੇ | ੨੯ |

# ਭੂਮਿਕਾ

ਸ਼੍ਰੀ ਹੇਮਕੁੰਟ ਫਾਉਂਡੇਸ਼ਨ ਇੰਕ ਦੀ ਸਥਾਪਨਾ ਚਾਰ ਦਹਾਕੇ ਪਹਿਲਾਂ ੧੯੮੦ ਵਿਚ ਨਿਊ ਯਾਰਕ, ਯੂ. ਐਸ. ਏ. ਵਿਚ ਕੀਤੀ ਗਈ। ਇਸ ਫ਼ਾਉਂਡੇਸ਼ਨ ਦਾ ਮੁਖ-ਮੰਤਵ ਦੁਨੀਆ ਦੇ ਪੱਛਮੀ ਹਿੱਸੇ ਵਿਚ ਰਹਿੰਦੇ ਬੱਚੇ ਅਤੇ ਜੁਆਨਾਂ ਨੂੰ (੬ ਤੋਂ ੨੫ ਸਾਲ ਦੀ ਉਮਰ ਵਿਚਾਲੇ) ਸਿੱਖੀ ਦਾ ਸਬਕ ਸਿਖਾਉਣਾ, ਆਮ ਸਭਾਵਾਂ ਵਿਚ ਬੋਲਣਾ ਅਤੇ ਸਿੱਖ ਹੋਣ ਵਿਚ ਮਾਣ ਮਹਿਸੂਸ ਕਰਨ ਵਿਚ ਮਦਦ ਕਰਨਾ ਹੈ।

ਇਹ ਕਾਰਜ ਅਸੀਂ ਸਿੱਖ ਗੁਰੂਆਂ ਨਾਲ ਸਬੰਧਤ ਪੁਸਤਕਾਂ, ਸਿੱਖ ਇਤਿਹਾਸ ਅਤੇ ਸਿੱਖ ਫ਼ਲਸਫ਼ੇ ਦੇ ਰਾਹੀਂ ਕਰਦੇ ਹਾਂ ਅਤੇ ਇਹਨਾਂ ਦੀ ਜਾਨਕਾਰੀ ਦਾ ਪ੍ਰਗਟਾਵਾ ਅਤੇ ਸਿੱਖੀ ਬਾਰੇ ਗਿਆਨ ਹਾਸਲ ਕਰਨ ਲਈ ਆਪਣੇ ਨੌ-ਜੁਆਨਾਂ ਨੂੰ ਮੌਕੇ ਵੀ ਦਿੰਦੇ ਹਾਂ ਤਾਕਿ ਉਹ ਕਲਾਤਮਿਕ ਰੂਪ ਵਿਚ ਇਹਨਾ ਬਾਰੇ ਹੋਰਨਾਂ ਨੂੰ ਵੀ ਸਮਝਾ ਸਕਣ।

ਫ਼ਾਉਂਡੇਸ਼ਨ ਵਲੋਂ ਨਿਰਧਾਰਤ ਸਾਲਾਨਾ ਗੋਸ਼ਟੀ-ਸੰਮੇਲਨ ਕਰਨਾ ਮੁਖ ਕਾਰਵਾਈ ਹੈ। ਹਿੱਸਾ ਲੈਣ ਵਾਲਿਆਂ ਦੇ ਪੰਜ ਗ੍ਰੁਪ ਹੁੰਦੇ ਹਨ: ੬-੮ ਸਾਲ ਦੇ; ੯-੧੧ ਸਾਲ ਦੇ; ੧੨-੧੪ ਸਾਲ ਦੇ; ੧੫-੧੭ ਸਾਲ ਦੇ ਅਤੇ ੧੮-੨੫ ਸਾਲ ਦੇ। ਹਰੇਕ ਗ੍ਰੁਪ ਲਈ ਉਮਰ ਦੇ ਅਨੁਸਾਰ ਇਕ ਵਿਸ਼ੇਸ਼ ਪੁਸਤਕ ਨਿਯਤ ਕੀਤੀ ਜਾਂਦੀ ਹੈ। ਇਹ ਗੋਸ਼ਟੀ-ਸੰਮੇਲਨ ਹਿੱਸਾ ਲੈਣ ਵਾਲਿਆਂ ਨੂੰ ਉਤਸ਼ਾਹਿਤ ਕਰਦਾ ਹੈ ਕਿ ਉਹ ਵੱਖ ਵੱਖ ਵਿਸ਼ਿਆਂ ਦਾ ਅਲੋਚਨਾਤਮਿਕ ਤੌਰ ਤੇ ਵਿਸ਼ਲੇਸ਼ਣ ਕਰਨ ਅਤੇ ਮੰਚ ਤੋਂ ਕੀਤੇ ਗਏ ਸੁਆਲਾਂ ਦਾ ਨਿਰਧਾਰਤ ਸਮੇਂ ਵਿਚ ਉੱਤਰ ਦੇਣ।

ਹਰ ਸਾਲ ਇਕ ਤਿੰਨ-ਪੱਧਰੀ ਮੁਕਾਬਲਾ ਹੁੰਦਾ ਹੈ। ਪਹਿਲੇ ਪੱਧਰ ਤੇ, ਅਮਰੀਕਾ, ਲੰਡਨ ਅਤੇ ਕੀਨੀਆ ਤੋਂ ਕੋਈ ੨੫੦੦ ਬੱਚੇ ਅਤੇ ਨੌ-ਜੁਆਨ ਸਥਾਨਕ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਦੂਜੇ ਪੱਧਰ ਤੇ, ਲਗਭਗ ੪੦੦ ਜਣੇ ਮੁਕਾਬਲਾ ਕਰਦੇ ਹਨ। ਇਸ ਮੁਕਾਬਲੇ ਵਿਚ ਪਹਿਲਾ ਅਤੇ ਦੂਜਾ ਸਥਾਨ ਹਾਸਲ ਕਰਨ ਵਾਲੇ ਭਾਗ ਲੈਂਦੇ ਹਨ। ਤੀਜੇ ਪੱਧਰ ਤੇ ਲਗ ਭਗ ੧੨੫ ਹਿੱਸਾ ਲੈਣ ਵਾਲੇ ਮੁਕਾਬਲਾ ਕਰਦੇ ਹਨ। ਇਹ ਦੂਜੇ ਪੱਧਰ ਦੇ ਪ੍ਰਥਮ ਸਥਾਨ ਹਾਸਲ ਕਰਨ ਵਾਲੇ ਹੁੰਦੇ ਹਨ। ਇਹੀ ਅੰਤਮ ਅਤੇ ਅੰਤਰ-ਰਾਸ਼ਟਰੀ ਮੁਕਾਬਲਾ ਹੁੰਦਾ ਹੈ।

ਫ਼ਾਉਂਡੇਸ਼ਨ ਨੇ ਕਈ ਸਾਲਾ ਤੋਂ ਭਾਰਤ ਅਤੇ ਇੰਗਲੈਂਡ ਤੋਂ ਛਪਣ ਵਾਲੀਆਂ ਪੁਸਤਕਾਂ ਦੀ ਵਰਤੋਂ ਕੀਤੀ। ਇਹਨਾਂ ਪੁਸਤਕਾਂ ਬਾਰੇ ਮਾਪਿਆ, ਪ੍ਰਤੀਯੋਗੀਆਂ ਅਤੇ ਜੱਜਾ ਵਲੋਂ ਹਰ ਸਾਲ ਸਾਨੂੰ ਬਹੁਤ ਸਾਰਥਿਕ ਸਮੀਖਿਆ ਪ੍ਰਾਪਤ ਹੁੰਦੀ ਰਹੀ ਕਿ ਇਹ ਪੁਸਤਕਾਂ ਗੋਸ਼ਟੀ-ਸੰਮੇਲਨ ਲਈ ਸੰਤੋਖਜਨਕ ਨਹੀਂ ਹਨ। ਅੰਗਰੇਜ਼ੀ ਸ਼ਬਦਾਵਲੀ, ਵਾਕ-ਰਚਨਾ ਅਤੇ ਪ੍ਰਸੰਗਤਾ ਪੱਛਮੀ ਸਰੋਤਾਗਣ

ਦੇ ਅਨੁਕੂਲ ਨਹੀਂ। ਬਹੁਤ ਸਾਰੀਆ ਕਹਾਣੀਆਂ ਅਤੇ ਸਾਖੀਆਂ ਵਿਚ ਦਲੀਲਬਾਜ਼ੀ ਅਤੇ ਆਮ ਸਮਝ ਦੇ ਬਦਲੇ "ਚਮਤਕਾਰਾਂ" ਨੂੰ ਉਭਾਰਿਆ ਗਿਆ ਹੈ।

ਇਸ ਹਾਲਾਤ ਨੂੰ ਸੁਧਾਰਨ ਲਈ, ਫ਼ਾਉਂਡੇਸ਼ਨ ਨੇ ਕੁਝ ਸਾਲ ਪਹਿਲਾਂ ਆਪ ਹੀ ਪੁਸਤਕਾਂ ਲਿਖਣ ਦਾ ਉਪਰਾਲਾ ਕੀਤਾ ਤਾਕਿ ਗੋਸ਼ਟੀ-ਸੰਮੇਲਨ ਅਤੇ ਸਾਲਾਨਾ ਮੁਕਾਬਲਿਆਂ ਵਿਚ ਉਚਿੱਤ ਪੁਸਤਕਾਂ ਦੀ ਵਰਤੋਂ ਕੀਤੀ ਜਾ ਸਕੇ। ਫ਼ਾਉਂਡੇਸ਼ਨ ਦੇ ਸਮੱਰਪਿਤ ਸ਼ਰਧਾਲੂਆਂ ਨੇ ਇਸ ਸੇਵਾ ਵਿਚ ਅੱਗੇ ਆਉਣ ਦਾ ਹੰਭਲਾ ਮਾਰਿਆ।

ਹਥਲੀ ਪੁਸਤਕ ੯ ਤੋਂ ੧੧ ਸਾਲ ਦੀ ਉਮਰ ਵਾਲੇ ਗ੍ਰੁਪ ਲਈ ਹੈ। ਗੁਰੂ ਸਾਹਿਬ ਜੀ ਦੀਆਂ ਸਿਖਿਆਵਾਂ ਨੂੰ ਦਲੀਲਮਈ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਕੀਤਾ ਗਿਆ ਹੈ। ਪੁਸਤਕ ਵਿਚ ਸੁਖਾਲੀ ਅਤੇ ਸਮਝ ਵਿਚ ਆ ਸਕਣ ਵਾਲੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਅਤੇ ਉਹਨਾਂ ਸੰਕੇਤਾਂ, ਸਥਾਨਾਂ ਜਾਂ ਘਟਨਾਵਾਂ ਦਾ ਜ਼ਿਕਰ ਨਹੀਂ ਕੀਤਾ ਗਿਆ ਜਿਹਨਾਂ ਬਾਰੇ ਸਕੂਲ ਜਾਣ ਵਾਲੇ ਪੱਛਮੀ ਦੇਸ਼ਾਂ ਦੇ ਬੱਚਿਆਂ ਨੂੰ ਆਮ ਕਰਕੇ ਬਹੁਤਾ ਪਤਾ ਨਾ ਹੋਵੇ। ਫ਼ਾਉਂਡੇਸ਼ਨ ਇਸ ਪੁਸਤਕ ਨੂੰ ਸਾਲਾਨਾ ਗੋਸ਼ਟੀ-ਸੰਮੇਲਨ ਲਈ ਵਰਤੋਂ ਵਿਚ ਲਿਆਉਂਦੀ ਹੈ।ਸਾਲਾਨਾ ਅੰਤਰ-ਰਾਸ਼ਟਰੀ ਸ਼ੰਮੇਲਨ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ www.hemkunt2.org ਤੇ ਮਿਲ ਸਕਦੀ ਹੈ।

ਪੁਸਤਕ ਦੇ ਹੋਰ ਬੇਹਤਰ ਬਨਾਉਣ ਲਈ ਕਿਸੇ ਤਰ੍ਹਾਂ ਦਾ ਵੀ ਸੁਝਾਉ ਜਾਂ ਟਿਪਣੀ ਦਾ ਹਰ ਤਰ੍ਹਾਂ ਸਤਿਕਾਰ/ਸੁਆਗਤ ਕੀਤਾ ਜਾਵੇਗਾ।

ਕਰਮਜੀਤ ਸਿੰਘ
ਜਨਰਲ ਸੈਕਟਰੀ
੫੧੬-੭੮੨-੩੨੫੭
hemkunt@hemkunt2.org

ਨਿਊ ਯਾਰਕ, ਯੂ.ਐੱਸ.ਏ.

***************

# ੧. ਜਨਮ ਅਤੇ ਮੁਢਲਾ ਜੀਵਨ

**੧੬੨੧ ਈ:** *(ਜਨਮ):* (ਗੁਰੂ) ਤੇਗ਼ ਬਹਾਦਰ ਜੀ ਦਾ ਜਨਮ ਪਹਿਲੀ ਅਪ੍ਰੈਲ,[੧] ੧੬੨੧ ਈਸਵੀ ਨੂੰ ਅੰਮ੍ਰਿਤਸਰ ਸ਼ਹਿਰ ਵਿਚ 'ਗੁਰੂ ਕੇ ਮਹਿਲ' ਵਿਖੇ ਹੋਇਆ। ਆਪ ਜੀ ਦੇ ਚਾਰ ਵੱਡੇ ਭਰਾ ਸਨ: ਬਾਬਾ ਗੁਰਦਿੱਤਾ ਜੀ, ਬਾਬਾ ਸੂਰਜ ਮਲ ਜੀ, ਬਾਬਾ ਅਣੀ ਰਾਏ ਜੀ ਅਤੇ ਬਾਬਾ ਅਟੱਲ ਰਾਏ ਜੀ ਅਤੇ ਇਕ ਭੈਣ ਸੀ ਬੀਬੀ ਵੀਰੋ ਜੀ। ਉਹ ਛੇਵੇਂ ਨਾਨਕ (ਗੁਰੂ ਹਰਿਗੋਬਿੰਦ ਜੀ) ਅਤੇ ਮਾਤਾ ਨਾਨਕੀ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਆਪ ਜੀ ਦਾ ਨਾਮ[੨] ਤੇਗ਼ ਬਹਾਦਰ ਰਖਿਆ ਗਿਆ ਕਿਉਂਕਿ ਆਪ ਜੀ ਦੇ ਜਨਮ ਤੋਂ ਕੋਈ ੧੫ ਦਿਨ ਪਹਿਲਾਂ ਹੀ ਸਿੱਖਾਂ ਨੇ ਰੁਹੇਲਾ ਦੀ ਜੰਗ ਵਿਚ ਅਦਭੁਤ ਜੌਹਰ ਦਿਖਾਏ ਸਨ।

| # | ਨਾਮ | ਨੌਵੇਂ ਨਾਨਕ ਨਾਲ ਸਬੰਧ |
|---|---|---|
| ਚੌਥੇ ਨਾਨਕ | ਗੁਰੂ ਰਾਮਦਾਸ ਜੀ | ਪੜ-ਪੜਦਾਦਾ |
| ਪੰਜਵੇਂ ਨਾਨਕ | ਗੁਰੂ ਅਰਜਨ ਜੀ | ਦਾਦਾ ਜੀ |
| ਛੇਵੇਂ ਨਾਨਕ | ਗੁਰੂ ਹਰਿਗੋਬਿੰਦ ਜੀ | ਪਿਤਾ ਜੀ |
| ਸਤਵੇਂ ਨਾਨਕ | ਗੁਰੂ ਹਰਿ ਰਾਏ ਜੀ | ਚਚੇਰਾ ਪੁੱਤਰ |
| ਅਠਵੇਂ ਨਾਨਕ | ਗੁਰੂ ਹਰਿ ਕ੍ਰਿਸ਼ਨ ਜੀ | ਭਤੀਜਾ |
| ਦਸਵੇਂ ਨਾਨਕ | ਗੁਰੂ ਗੋਬਿੰਦ ਸਿੰਘ ਜੀ | ਸਪੁੱਤਰ |

ਜਦੋਂ ਬੱਚਾ ਤੇਗ਼ ਬਹਾਦਰ ਸਾਢੇ ਚਾਰ ਸਾਲਾਂ ਦੇ ਹੋਏ, ਗੁਰੂ ਹਰਿਗੋਬਿੰਦ ਜੀ ਉਹਨਾਂ ਨੂੰ ਆਪ ਬਾਬਾ ਬੁੱਢਾ ਜੀ ਕੋਲ ਲੈ ਕੇ ਗਏ ਅਤੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਅਧਿਆਤਮਿਕ ਤਜਰਬੇ ਉਸ ਬੱਚੇ ਨਾਲ ਸਾਂਝੇ ਕਰਨ। ਬਾਬਾ ਬੁੱਢਾ ਜੀ ਨੇ ਬੱਚੇ ਨਾਲ ਪਹਿਲੇ ਗੁਰੂਆਂ ਦੇ ਜੀਵਨ ਤਜਰਬੇ ਦੀਆਂ ਸਾਖੀਆਂ ਵੀ ਸਾਂਝੀਆਂ ਕੀਤੀਆਂ। ਇਸਦੇ ਨਾਲ ਹੀ, ਤੇਗ਼ ਬਹਾਦਰ ਨੇ ਭਾਈ ਗੁਰਦਾਸ ਜੀ ਪਾਸੋਂ ਕਵਿਤਾ, ਫ਼ਿਲਾਸਫ਼ੀ ਅਤੇ ਇਤਿਹਾਸ ਦੀ ਸਿਖਿਆ ਹਾਸਲ ਕੀਤੀ; ਭਾਈ ਬਿਧੀ ਚੰਦ ਪਾਸੋਂ ਘੋੜ-ਸਵਾਰੀ ਦੀ ਸਿਖਿਆ ਲਈ ਅਤੇ ਜਤੀ ਮਲ ਪਾਸੋਂ ਜੰਗ ਦੇ ਹੁਨਰ ਸਿੱਖੇ। ਪਰ ਇਸ ਸਾਰੀ ਸਿਖਿਆ ਦੇ ਉਤਸ਼ਾਹ ਦਾ ਮਹੱਤਵ-ਪੂਰਣ ਮੂਲ ਸਰੋਤ ਆਪ ਜੀ ਦੇ ਪਿਤਾ ਗੁਰੂ ਹਰਿਗੋਬਿੰਦ ਜੀ ਦਾ ਜੀਵਨ ਹੀ ਸੀ।

ਬੱਚੇ ਦੇ ਤੌਰ ਤੇ ਗੁਰੂ ਤੇਗ਼ ਬਹਾਦਰ ਆਪਣਾ ਬਹੁਤਾ ਸਮਾਂ ਡੂੰਘੇ ਭਗਤੀ ਭਾਵ ਵਿਚ ਬਿਤਾਉਂਦੇ ਅਤੇ ਉਹਨਾਂ ਦੀਆਂ ਕਾਵਿਕ ਰਚਨਾਵਾਂ ਤੋਂ ਉਹ ਇਕ ਜਮਾਂਦਰੂ ਕਵੀ ਵਜੋਂ ਦਿਖਾਈ ਦਿੰਦੇ। ਜਦੋਂ ਆਪ ਜੀ ਦੇ ਵੱਡੇ ਭਰਾ ਬਾਬਾ ਅਟੱਲ ਰਾਏ ਜੀ, ਜੋ ਆਪ ਜੀ ਨਾਲੋਂ ਢਾਈ ਸਾਲ ਵੱਡੇ ਸਨ, ਬਚਪਨ ਦੀ ੯ ਸਾਲ ਦੀ ਉਮਰ ਵਿਚ ਪਰਲੋਕ ਸਿਧਾਰ ਗਏ, ਤਾਂ ਇਸ ਵਾਕਿਆ ਨੇ ਆਪ ਜੀ ਉਪਰ 'ਰੱਬ ਦੀ ਰਜ਼ਾ' ਵਿਚ ਰਹਿਣ ਦਾ ਗਹਿਰਾ ਪ੍ਰਭਾਵ ਪਾਇਆ।

**੧੬੩੦ ਈ:** *(ਉਮਰ ੯ ਸਾਲ)*: ਗੁਰੂ ਹਰਿਗੋਬਿੰਦ ਜੀ ਨੇ ਪਰਿਵਾਰ ਸਹਿਤ ਤਰਨਤਾਰਨ ਦਾ ਦੌਰਾ ਕੀਤਾ ਜਿਥੇ ਤੇਗ਼ ਬਹਾਦਰ ਜੀ ਨੂੰ ਆਪਣੇ ਦਾਦਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਪਤਾ ਲੱਗਾ।ਇਸ ਤੋਂ ਬਾਅਦ ਸਾਰਾ ਪਰਿਵਾਰ ਖਡੂਰ ਸਾਹਿਬ ਗਏ ਜਿਥੋਂ ਗੁਰੂ ਅੰਗਦ ਦੇਵ ਜੀ ਦੀਆਂ ਇਤਿਹਾਸਕ ਯਾਦਾਂ ਦਾ ਪਤਾ ਚਲਿਆ। ਇਸਤਰ੍ਹਾਂ, ਤੇਗ਼ ਬਹਾਦਰ ਜੀ ਨੇ ਬੱਚੇ ਦੇ ਤੌਰ ਤੇ ਉਥੇ

ਇਤਿਹਾਸ ਨੂੰ ਗਹੁ ਨਾਲ ਦੇਖਿਆ ਅਤੇ ਵਿਚਾਰਿਆ। ਉਥੋਂ ਸਾਰਾ ਪਰਿਵਾਰ ਗੋਇੰਦਵਾਲ ਗਿਆ ਜਿਥੇ ਆਪ ਜੀ ਦੇ ਪੂਰਵਜਾਂ ਦਾ ਘਰ ਸੀ। ਇਥੇ ਆਪ ਜੀ ਨੇ ਗੁਰੂ ਅਮਰਦਾਸ ਜੀ ਅਤੇ ਆਪਣੇ ਪੜਦਾਦਾ ਗੁਰੂ ਰਾਮਦਾਸ ਜੀ ਦੀ ਜੀਵਨ ਕਹਾਣੀ ਬਾਰੇ ਜਾਣਿਆ। ਉਥੋਂ ਸਾਰਾ ਪਰਿਵਾਰ ਵਾਪਸ ਅੰਮ੍ਰਿਤਸਰ ਆ ਗਿਆ। ਤੇਗ਼ ਬਹਾਦਰ ਜੀ ਨੇ ਆਪਣੇ ਬਚਪਨ ਦੇ ਨੌਂ ਸਾਲ ਆਪਣੇ ਪਿਤਾ ਜੀ ਅਤੇ ਪਰਿਵਾਰ ਨਾਲ ਅੰਮ੍ਰਿਤਸਰ ਵਿਚ ਗੁਜ਼ਾਰੇ। ੧੬੩੦ ਈਸਵੀ ਵਿਚ ਆਪ ਜੀ ਆਪਣੇ ਪਿਤਾ ਨੌਵੇਂ ਨਾਨਕ (ਗੁਰੂ ਹਰਿਗੋਬਿੰਦ ਜੀ) ਨਾਲ ਕਰਤਾਰਪੁਰ ਰਹੇ। ਇਹ ਯਾਤਰਾ ਬਹੁਤ ਹੀ ਉਤਸਾਹ-ਜਨਕ ਸੀ ਜਿਸ ਨੇ ਆਪ ਜੀ ਨੂੰ ਆਪਣੇ ਧਰਮ ਦੇ ਅਧਿਆਤਮਿਕ ਪੱਖਾਂ ਨਾਲ ਜੋੜਿਆ। ਇਸਤਰ੍ਹਾ ਤੇਗ਼ ਬਹਾਦਰ ਜੀ ਆਪਣੇ ਪਹਿਲੇ ਗੁਰੂਆਂ ਦੀਆਂ ਜੀਵਨ ਕਹਾਣੀਆਂ ਅਤੇ ਪ੍ਰਾਪਤੀਆਂ ਤੋਂ ਬਹੁਤ ਪ੍ਰਭਾਵਤ ਹੋਏ। ਆਪ ਜੀ ਦੇ ਅੰਦਰ ਕਵਿਤ-ਪ੍ਰਤਿਭਾ ਦੀ ਝਲਕ ਅਤੇ ਇਕ ਯੋਧਾ-ਰੂਪੀ ਦ੍ਰਿੜਤਾ ਅਤੇ ਬਹਾਦਰੀ ਦਾ ਪ੍ਰਗਟਾਵਾ ਹੋਇਆ। ਬਚਪਨ ਤੋਂ ਹੀ, ਆਪ ਜੀ ਨੇ ਇਕ ਨਿਰਭੈ ਵਿਵਹਾਰ ਦਿਖਾਇਆ ਜਿਸ ਨਾਲ ਉਹ ਹਰ ਕਰਤਵ ਵਿਚ ਚੁਸਤ ਅਤੇ ਫ਼ੁਰਤੀਲੇ ਸਨ। ਇਸਦੇ ਬਾਵਜੂਦ, ਆਪ ਜੀ ਹਰ ਕਿਸੇ ਨਾਲ ਸੰਤ-ਸੁਭਾਓ ਅਤੇ ਨਿਮਰਤਾ ਦੇ ਧਾਰਣੀ ਸਨ।

**੧੬੩੨ ਈ:** *(ਉਮਰ ੧੧ ਸਾਲ):* ਤੇਗ਼ ਬਹਾਦਰ ਜੀ ਦੀ ਸ਼ਾਦੀ ਮਾਤਾ ਗੂਜਰੀ ਜੀ ਨਾਲ ਹੋਈ। ਸ੍ਰੀ ਲਾਲ ਚੰਦ ਜੀ ਕਰਤਾਰਪੁਰ ਵਾਲੇ ਆਪ ਜੀ ਦੇ ਸਸੁਰ ਸਨ। ਗੂਜਰੀ ਜੀ ਬਹੁਤ ਹੀ ਸੁੰਦਰ, ਸਹਿਜ-ਸੁਭਾ ਅਤੇ ਸੁਚੱਜੇ ਵਤੀਰੇ ਵਾਲੀ ਧਾਰਮਿਕ ਲੜਕੀ ਸੀ। ਸੁਭਾਵਕ ਤੌਰ ਤੇ ਉਹ ਅਨੁਸ਼ਾਸਨ-ਪ੍ਰਸਤ ਅਤੇ ਸਾਦਾ ਸੁਭਾਉ ਵਾਲੀ ਸੀ। ਆਪ ਜੀ ਦੇ ਪਿਤਾ ਅਮੀਰ ਅਤੇ ਉਦਾਰ-ਚਿੱਤ ਸ੍ਰੇਸ਼ਟ ਪੁਰਸ਼ ਸੀ।

---

1. ਕੁਝ ਲੇਖਕ ਗਲਤ ਰੂਪ ਵਿਚ ਆਪ ਜੀ ਦੀ ਜਨਮ-ਤਾਰੀਖ ੧੮ ਅਕਤੂਬਰ, ੧੬੨੧ ਦਸਦੇ ਹਨ।
2. ਕੁਝ ਲੇਖਕ ਗਲਤ ਰੂਪ ਵਿਚ ਆਪ ਜੀ ਦਾ ਪਹਿਲਾ ਨਾਮ 'ਤਿਆਗ ਮਲ' ਦਸਦੇ ਹਨ। "ਤਿਆਗੀ" ਦਾ ਅਰਥ ਹੈ ਜਿਹੜਾ ਸਭ ਕੁਝ ਤਿਆਗ ਕੇ ਸਾਧੂ-ਸੰਤ ਜਾਂ ਸੰਨਿਆਸੀ ਬਣ ਜਾਂਦਾ ਹੈ। ਗੁਰੂ ਹਰਿਗੋਬਿੰਦ ਜੀ ਆਪ ਜੀ ਦੇ ਪਿਤਾ ਜੀ ਸਨ ਅਤੇ ਉਹ ਅਜਿਹਾ ਨਾਮ ਨਹੀਂ ਦੇ ਸਕਦੇ ਸਨ ਜੋ ਸਿੱਖ ਫ਼ਲਸਫ਼ੇ ਦੇ ਅਨੁਕੂਲ ਨਾ ਹੋਵੇ। ਉਹ ਜਾਣਦੇ ਸਨ ਕਿ ਗੁਰੂ ਨਾਨਕ ਜੀ ਨੇ ਆਪਣੇ ਪੁੱਤਰ ਸ੍ਰੀ ਚੰਦ ਨੂੰ ਆਪਣਾ ਉਤਰ-ਅਧਿਕਾਰੀ ਨਹੀਂ ਚੁਣਿਆ ਸੀ, ਕਿਉਕਿ ਉਹ ਸੰਨਿਆਸੀ ਸੀ।
3. ਹਵਾਲਾ #੪, ਪੰਨਾਂ ੯ ਅਤੇ ਹਵਾਲਾ #੫, ਪੰਨਾਂ ੧੩ ਤੋਂ ਇਹ ਪਤਾ ਚਲਦਾ ਹੈ ਕਿ ਨੌਂਵੇਂ ਨਾਨਕ ਦਾ ਨਾਮ ਜਨਮ ਤੋਂ ਜੀ "ਤੇਗ ਬਹਾਦਰ" ਸੀ।

---

******************

# ੨. ਪਹਿਲੀ ਜੰਗ

**੧੬੩੪ ਈ:** *(ਉਮਰ ੧੩ ਸਾਲ):* ੧੫ ਅਪ੍ਰੈਲ, ੧੬੩੪ ਈ: ਨੂੰ ਮੁਗ਼ਲ ਫ਼ੌਜਾਂ ਨੇ ਗੁਰੂ ਕਾ ਚੱਕ (ਹੁਣ ਅੰਮ੍ਰਿਤਸਰ) ਤੇ ਹਮਲਾ ਕਰ ਦਿਤਾ। ਭਾਈ ਬਿਧੀ ਚੰਦ ਅਤੇ ਹੋਰ ਜਰਨੈਲਾਂ ਨੇ ਬੜੀ ਬਹਾਦਰੀ ਨਾਲ ਮੁਕਾਬਲਾ ਕੀਤਾ। ੧੩ ਸਾਲਾ ਦੇ ਤੇਗ਼ ਬਹਾਦਰ ਨੇ, ਜਿਹੜਾ ਕਿ ਹੁਣ ਤੱਕ ਚੰਗੀ ਸਿਖਲਾਈ ਲੈ ਚੁੱਕਾ ਸੀ, ਇਸ ਜੰਗ ਵਿਚ ਬੜੀ ਵਿਸ਼ੇਸ਼ ਬਹਾਦਰੀ ਦੇ ਕਰਤਵ ਦਿਖਾਏ। ਹਰ ਕਿਸੇ ਨੇ, ਜਿਸਨੇ ਵੀ ਉਸਨੂੰ ਇਸ ਜੰਗ ਵਿਚ ਲੜਦਿਆਂ ਦੇਖਿਆ, ਤੇਗ਼ ਬਹਾਦਰ ਜੀ ਦੇ ਜੰਗੀ ਜੌਹਰਾਂ ਦੀ ਬਹੁਤ ਪ੍ਰਸੰਸਾ ਕੀਤੀ। ਤੇਗ਼ ਬਹਾਦਰ ਜੀ ਨੇ ੧੪ ਸਾਲ ਦੀ ਉਮਰ ਵਿਚ ਕਰਤਾਰਪੁਰ ਦੀ ਜੰਗ (੨੪-੨੬ ਅਪ੍ਰੈਲ, ੧੬੩੫) ਵਿਚ ਵੀ ਹਿੱਸਾ ਲਿਆ।

ਇਸ ਜੰਗ ਤੋਂ ਬਾਅਦ, ਛੇਵੇਂ ਨਾਨਕ ਅਤੇ ਸਾਰੀਆਂ ਫ਼ੌਜਾਂ ਸ਼ਿਵਾਲਕ ਪਹਾੜੀਆਂ ਦੇ ਪਾਸ ਕੀਰਤਪੁਰ ਆ ਗਈਆਂ। ਇਸ ਵੇਲੇ ਤੱਕ ਸਿੱਖ ਫ਼ੌਜਾ ਤਲਵਾਰਬਾਜ਼ੀ ਅਤੇ ਜੰਗੀ ਕਾਰਨਾਮਿਆਂ ਵਿਚ ਵਿਸ਼ੇਸ ਹੁਨਰ ਰਖਣ ਬਾਰੇ ਜਾਣੀਆ ਜਾਣ ਲਗੀਆਂ। ਛੇਵੇਂ ਨਾਨਕ ਨੇ ਪਹਿਲਾ ਵੀ ਕਈ ਜੰਗਾਂ ਵਿਚ ਮੁਗ਼ਲ ਫ਼ੌਜਾ ਨੂੰ ਹਰਾਇਆ ਸੀ। ਸਾਰੀ ਸਿੱਖ ਕੌਮ ਚੜ੍ਹਦੀ ਕਲਾ ਵਿਚ ਸੀ ਪਰ ਦੋ ਮਾਨਯੋਗ ਆਗੂ ਅਤੇ ਸਿਰ-ਕੱਡ ਜਰਨੈਲ - ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ - ਦੇ ਦਿਹਾਂਤ ਹੋਣ ਨਾਲ ਸਿੱਖ ਕੌਮ ਨੂੰ ਵੱਡਾ ਘਾਟਾ ਪਿਆ। ਇਹ ਦੋਨੋ ਯੋਧੇ ਬਹੁਤ ਸਾਲਾਂ ਤੱਕ ਸਿੱਖੀ ਦੇ ਮਹਾਨ ਰਖਿਅਕ ਬਣੇ ਰਹੇ।

ਤੇਗ਼ ਬਹਾਦਰ ਜੀ ਵਾਸਤੇ ਇਹ ਦੋਨੋ ਹੀ ਸਿੱਖੀ ਜੀਵਨ ਲਈ ਵਿਸ਼ੇਸ਼ ਭੂਮਿਕਾ ਨਿਭਾਉਣ ਵਾਲੇ ਮਾਰਗ-ਦਰਸ਼ਕ ਸਨ। ਤੇਗ਼ ਬਹਾਦਰ ਜੀ ਉਹਨਾ ਦਾ ਬਹੁਤ ਸਤਿਕਾਰ ਕਰਦੇ ਸਨ। ਭਾਈ ਗੁਰਦਾਸ ਜੀ ਪਾਸੋਂ ਧਾਰਮਿਕ ਸਿਖਿਆ ਅਤੇ ਬਾਬਾ ਬੁੱਢਾ ਜੀ ਪਾਸੋਂ ਸ਼ਸਤਰ ਸਿਖਿਆ ਤੇਗ਼ ਬਹਾਦਰ ਜੀ ਨੂੰ ਬਹੁਤ ਕੀਮਤੀ ਸਾਬਤ ਹੋਈ। ਉਹਨਾਂ ਦੀ ਅਗਵਾਈ ਨੇ ਪਹਿਲੇ ਗੁਰੂਆਂ ਦੀਆਂ ਸਿਖਿਆਵਾਂ ਨੂੰ ਪੂਰਨ ਰੂਪ ਵਿਚ ਦ੍ਰਿੜ ਕਰਵਾਇਆ, ਜੋ ਪੰਜਵੇਂ ਨਾਨਕ ਨੇ ੧੬੦੪ ਵਿਚ 'ਆਦਿ ਗ੍ਰੰਥ' (ਸਿੱਖਾਂ ਦੇ ਧਾਰਮਿਕ ਗ੍ਰੰਥ) ਵਿਚ ਅੰਕਿਤ ਕੀਤੀਆ ਸਨ।

ਤੇਗ਼ ਬਹਾਦਰ ਜੀ ਗੁਰੂ ਅਰਜਨ ਦੇਵ ਜੀ ਦੀ ਨਿਰਸੁਆਰਥ ਸ਼ਹਾਦਤ ਬਾਰੇ ਅਤੇ ਆਪਣੇ ਪਿਤਾ ਜੀ ਦੀਆਂ ਮੁਗ਼ਲ-ਫ਼ੌਜਾਂ ਵਿਰੁੱਧ ਜਿਤੀਆਂ ਜੰਗਾਂ ਬਾਰੇ ਵੀ ਭਲੀ-ਭਾਂਤ ਜਾਣੂ ਸਨ। ਇਹਨਾਂ ਧਾਰਮਿਕ ਸਿਖਿਆਵਾਂ ਅਤੇ ਇਤਿਹਾਸਕ ਘਟਨਾਵਾਂ ਨੇ, ਜੋ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਨੇ ਦਰਸਾਈਆਂ ਸਨ, ਤੇਗ਼ ਬਹਾਦਰ ਜੀ ਦੇ ਆਉਣ ਵਾਲੇ ਜੀਵਨ ਦੇ ਦਹਾਕਿਆਂ ਨੂੰ ਸ਼ਕਤੀਸ਼ਾਲੀ ਨੀਂਵ ਪਰਦਾਨ ਕੀਤੀ।

******************

# ੩. ਕੀਰਤਪੁਰ ਵਿਖੇ ਟਿਕਾਉ

**੧੬੩੫** *(ਉਮਰ ੧੩ ਸਾਲ):* ਛੇਵੇਂ ਨਾਨਕ ਨੇ ਅੰਮ੍ਰਿਤਸਰ ਤੋਂ ਆਪਣੇ ਸਾਰੇ ਪਰਿਵਾਰ ਸਹਿਤ ਕੀਰਤਪੁਰ ਵੱਲ ਰਵਾਨਗੀ ਕੀਤੀ। ਤੇਗ਼ ਬਹਾਦਰ ਜੀ ਨੇ ਆਪਣੇ ਜੀਵਨ ਦੇ ਅਗਲੇ ਨੌਂ ਸਾਲ ਕੀਰਤਪੁਰ ਵਿਖੇ ਗੁਜ਼ਾਰੇ। ਗੁਰੂ ਜੀ ਦੇ ਦਰਬਾਰ ਵਿਚ ਤੇਗ਼ ਬਹਾਦਰ ਜੀ ਸਾਰੀਆਂ ਕਾਰਵਾਈਆਂ ਵਿਚ ਹਿੱਸਾ ਲੈਂਦੇ ਸੀ। ਆਪ ਜੀ ਸੰਗਤਾਂ ਦੀ ਸੇਵਾ ਕਰਦੇ ਅਤੇ ਸ਼ਬਦ ਕੀਰਤਨ ਦੇ ਨਾਲ ਸਿੱਖ ਇਤਿਹਾਸ ਦੀ ਵਿਆਖਿਆ ਵੀ ਕਰਦੇ।

ਬਕਾਲਾ ਨਗਰ ਛੇਵੇਂ ਗੁਰੂ ਜੀ ਦਾ ਦੂਸਰਾ ਨਿਵਾਸ-ਸਥਾਨ ਸੀ। ਤੇਗ਼ ਬਹਾਦਰ ਜੀ ਦੇ ਨਾਨਕੇ ਉਥੇ ਰਹਿੰਦੇ ਸਨ। ਉਹ ਤੇਗ਼ ਬਹਾਦਰ ਜੀ ਨੂੰ ਬਹੁਤ ਪਿਆਰ ਕਰਦੇ ਸਨ। ਤੇਗ਼ ਬਹਾਦਰ ਜੀ ਅਕਸਰ ਬਕਾਲੇ ਆਉਂਦੇ ਅਤੇ ਲੰਬਾ ਸਮਾਂ ਇਥੇ ਬਿਤਾਇਆ ਕਰਦੇ। ਜਿਵੇਂ ਕਿ ਸਿੱਖੀ ਸਿਧਾਂਤਾਂ ਵਿਚ ਉਹ ਪਰਪੱਕ ਸਨ, ਉਹ ਇਥੇ ਵੀ ਸ਼ਬਦ ਕੀਰਤਨ ਕਰਿਆ ਕਰਦੇ ਸਨ।

**੧੬੩੬ ਈ:** *(ਉਮਰ ੧੬ ਸਾਲ):* ਗੁਰੂ ਹਰਿਗੋਬਿੰਦ ਜੀ ਪਰਿਵਾਰ ਸਮੇਤ ਭਾਈ ਗੁਰਦਾਸ ਜੀ ਨੂੰ ਮਿਲਣ ਲਈ ਗੋਇੰਦਵਾਲ ਆਏ ਕਿਉਂਕਿ ਉਹਨਾਂ ਦਾ ਅੰਤਮ ਸਮਾਂ ਨੇੜੇ ਆ ਰਿਹਾ ਸੀ। ਤੇਗ਼ ਬਹਾਦਰ ਜੀ ਨੇ ਫਿਰ ਉਸ ਮਹਾਨ ਆਤਮਾ ਦੇ ਚਲਾਣੇ ਨੂੰ ਦੇਖਿਆ ਜਿਸ ਦੇ ਜੀਵਨ ਅਤੇ ਸਿਖਿਆਵਾਂ ਨੇ ਤੇਗ਼ ਬਹਾਦਰ ਜੀ ਦੇ ਨਾਜ਼ੁਕ ਅਤੇ ਸਨੇਹੀ ਮਨ ਤੇ ਚਿਰਕਾਲ ਰਹਿਣ ਵਾਲਾ ਪ੍ਰਭਾਵ ਪਾਇਆ ਸੀ। ਇਸ ਮਹਾਨ ਵਿਦਵਾਨ, ਕਵੀ ਅਤੇ ਦਾਰਸ਼ਨਿਕ ਦੀ ਨਿੱਜੀ ਅਗਵਾਈ ਨੇ ਹੁਣ ਤੇਗ਼ ਬਹਾਦਰ ਜੀ ਨੂੰ ਸਦਾਕਾਲ ਯਾਦ ਆਉਂਦੇ ਰਹਿਣਾ ਸੀ।

**੧੬੩੮ ਈ:** *(ਉਮਰ ੧੭ ਸਾਲ):* ਛੇਵੇਂ ਨਾਨਕ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਪਰਲੋਕ ਸਿਧਾਰ ਗਏ। ਗੁਰੂ ਹਰਿਗੋਬਿੰਦ ਜੀ ਨੇ ਬਾਬਾ ਗੁਰਦਿਤਾ ਜੀ ਦੇ ਵੱਡੇ ਸਪੁੱਤਰ ਹਰਿ ਰਾਏ ਜੀ ਨੂੰ ਆਉਣ ਵਾਲੇ ਭਵਿੱਖ ਵਿਚ ਸਿੱਖਾਂ ਦਾ ਆਗੂ ਸਥਾਪਤ ਕਰਨ ਦਾ ਮਨ ਬਨਾਉਣਾ ਸ਼ੁਰੂ ਕੀਤਾ।

**੧੬੪੪** *(ਉਮਰ ੨੩ ਸਾਲ):* ੩ ਮਾਰਚ, ੧੬੪੪ ਨੂੰ ਛੇਵੇਂ ਨਾਨਕ ਜੀ ਜੋਤੀ ਜੋਤ ਸਮਾ ਗਏ ਅਤੇ ਗੁਰਗੱਦੀ ਦੀ ਸੌਂਪਣਾ ਆਪਣੇ ਪੋਤੇ ਬਾਬਾ ਹਰ ਰਾਏ ਜੀ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਨੂੰ ਕਰ ਗਏ।

---

******************

# ੪. ਬਕਾਲਾ ਵਿਖੇ ਨਿਵਾਸ

**੧੬੪੪-੧੬੫੬ ਈ:** *(ਉਮਰ ੨੩ ਤੋਂ ੩੫ ਸਾਲ):* ਜਦੋਂ ਛੇਵੇਂ ਨਾਨਕ ਜੋਤੀ ਜੋਤ ਸਮਾ ਗਏ, ਤਾਂ ਉਸ ਵੇਲੇ ਤੇਗ਼ ਬਹਾਦਰ ਜੀ, ਉਹਨਾਂ ਦੇ ਮਾਤਾ ਨਾਨਕੀ ਜੀ, ਅਤੇ ਪਤਨੀ ਮਾਤਾ ਗੁਜਰੀ ਜੀ ਬਕਾਲਾ ਵਿਖੇ ਸਨ। ਆਖਰੀ ਰਸਮਾਂ ਵਿਚ ਸ਼ਾਮਿਲ ਹੋਣ ਲਈ ਸਾਰਾ ਪਰਵਾਰ ਕੀਰਤਪੁਰ ਪਹੁੰਚਿਆ। ਪਰਿਵਾਰ ਨੇ ਕੁਝ ਦਿਨ ਕੀਰਤਪੁਰ ਗੁਜ਼ਾਰੇ ਅਤੇ ਫਿਰ ਬਕਾਲਾ ਆ ਗਏ।

ਅਫ਼ਗ਼ਾਨਿਸਤਾਨ ਦੇ ਨਾਲ ਦੇ ਇਲਾਕਿਆ ਵਿਚੋਂ ਆਉਣ ਵਾਲੇ ਸ਼ਰਧਾਲੂ ਕੀਰਤਪੁਰ ਜਾਣ ਤੋਂ ਪਹਿਲਾਂ ਤੇਗ਼ ਬਹਾਦਰ ਜੀ ਦੇ ਬਚਨ ਸੁਣਨ ਲਈ ਅਕਸਰ ਬਕਾਲਾ ਠਹਿਰਦੇ ਸਨ। ਬਕਾਲਾ ਨਗਰ ਦੇ ਆਸ ਪਾਸ ਦੇ ਲੋਕ ਵੀ ਤੇਗ਼ ਬਹਾਦਰ ਜੀ ਪਾਸ ਆਉਂਦੇ ਜੋ ਕਿ ਆਪਣੇ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਨਿਰੰਤਰ ਵਿਆਖਿਆ ਕਰਦੇ ਅਤੇ ਗੁਰੂਆਂ ਦੇ ਜੀਵਨ ਦਾ ਇਤਿਹਾਸ ਵੀ ਸੁਣਾਉਂਦੇ ਸਨ। ਤੇਗ਼ ਬਹਾਦਰ ਜੀ ਸਮੇਂ ਸਮੇਂ ਗੋਇੰਦਵਾਲ, ਗੁਰੂ ਕਾ ਚੱਕ (ਅੰਮ੍ਰਿਤਸਰ), ਕਰਤਾਰਪੁਰ ਅਤੇ ਕੀਰਤਪੁਰ ਦਾ ਵੀ ਦੌਰਾ ਕਰਿਆ ਕਰਦੇ ਸਨ।

ਕੁਝ ਲੋਕਾਂ ਨੇ ਗਲਤੀ ਨਾਲ ਲਿਖਿਆ ਹੈ ਕਿ ਤੇਗ਼ ਬਹਾਦਰ ਜੀ ਨੇ ਆਪਣੇ ਘਰ ਵਿਚ ਇਕ ਵੱਖਰਾ 'ਭੋਰਾ' ਬਣਾਇਆ ਹੋਇਆ ਸੀ ਜਿਥੇ ਉਹ ਇਕਾਂਤ ਵਿਚ ਬੈਠ ਕੇ ਅਕਸਰ ਭਜਨ ਬੰਦਗੀ ਕਰਿਆ ਕਰਦੇ ਸਨ। ਉਹ ਭਲੀ-ਭਾਂਤ ਜਾਣਦੇ ਸਨ ਕਿ ਸਵੈ-ਸੁਧਾਰ ਲਈ ਹਿੰਦੂਆਂ ਦੇ ਤਿਆਗ ਦੀ ਰਵਾਇਤ ਅਧੀਨ ਇਕਾਂਤ ਵਿਚ ਭਜਨ-ਬੰਦਗੀ ਕਰਨਾ ਸਿੱਖ ਫ਼ਲਸਫ਼ਾ ਦੇ ਵਿਪ੍ਰੀਤ ਹੈ।

ਤੇਗ਼ ਬਹਾਦਰ ਜੀ ਨੂੰ ਇਹ ਵੀ ਪਤਾ ਸੀ ਕਿ ਗੁਰੂ ਨਾਨਕ ਜੀ ਨੇ ਇਹ ਸਿਖਿਆ ਦਿਤੀ ਹੈ ਕਿ ਹਰ ਇਕ ਵਿਅੱਕਤੀ ਨੂੰ ਚਾਹੀਦਾ ਹੈ ਕਿ ਸੰਸਾਰ ਵਿਚ ਇਕ ਗ੍ਰਹਿਸਤੀ ਦੀ ਤਰ੍ਹਾਂ ਰਹੇ, ਗਿਆਨ ਹਾਸਲ ਕਰੇ ਅਤੇ ਦੂਜਿਆਂ ਨੂੰ ਅੰਧਕਾਰ ਵਿਚੋਂ ਬਾਹਰ ਕਢੇ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਜੀ ਕਹਿੰਦੇ ਹਨ ਕਿ ਸੁਚੱਜੀ ਸੇਵਾ ਤੋਂ ਬਿਨਾਂ ਪ੍ਰਮਾਤਮਾ ਨਾਲ ਸਨੇਹ ਨਹੀਂ ਕੀਤਾ ਜਾ ਸਕਦਾ। ਤੇਗ਼ ਬਹਾਦਰ ਜੀ ਇਸ ਅਤੇ ਹੋਰ ਸਿਖਿਆਵਾਂ ਦੀ ਪੱਕੀ ਤਰ੍ਹਾਂ ਪਾਲਨਾ ਕਰਦੇ ਸਨ।

ਆਮ ਲੋਕਾ ਵਿਚ ਸਿੱਖੀ ਦੇ ਸਨੇਹੇ ਨੂੰ ਪਰਸਾਰਣ ਲਈ, ਤੇਗ਼ ਬਹਾਦਰ ਜੀ ਨੇ ਭਾਰਤ ਦੇ ਉਤਰੀ ਅਤੇ ਪੂਰਬੀ ਹਿੱਸਿਆਂ ਵਿਚ ਅਨੇਕਾਂ ਲੰਬੇ ਦੌਰੇ ਕੀਤੇ। ਆਮ ਲੋਕਾਂ ਦੀ ਨਿਰਸੁਆਰਥ ਸੇਵਾ ਕਰਨ ਵਿਚ ਆਪ ਜੀ ਨੇ ਬਹੁਤ ਸਾਲ ਗੁਜ਼ਾਰੇ ਤਾਕਿ ਉਹਨਾਂ ਦਾ ਨੈਤਿਕ ਪੱਧਰ ਉੱਚਾ ਬਣੇ ਅਤੇ 'ਰੱਬ ਦੀ ਰਜ਼ਾ' ਵਿਚ ਰਹਿਣ ਲਈ ਅਧਿਆਤਮਿਕ ਸਮਰੱਥਾ ਬਣ ਸਕੇ।

---

***************

# ੫. ਪਹਿਲਾ ਮਿਸ਼ਨਰੀ ਦੌਰਾ

**੧੬੫੬-੧੬੬੬ ਈ:** *(ਉਮਰ ੩੫-੪੫ ਸਾਲ):* ਸਤਵੇਂ ਨਾਨਕ, ਗੁਰੂ ਹਰਿ ਰਾਏ ਜੀ ਦਾ ਨਿਵਾਸ ਕੀਰਤਪੁਰ ਵਿਖੇ ਰਿਹਾ ਅਤੇ ਉਹ ਉਥੋਂ ਹੀ ਸਿੱਖੀ ਦਾ ਪਰਚਾਰ ਕਰਦੇ ਰਹੇ। ਤੇਗ਼ ਬਹਾਦਰ ਜੀ ਬਕਾਲਾ ਦੇ ਨਾਲ ਲਗਦੇ ਇਲਾਕਿਆਂ ਵਿਚ ਸਿੱਖੀ ਦਾ ਪਰਚਾਰ ਕਰਦੇ ਰਹੇ।

੧੬੫੬ ਈਸਵੀ ਵਿਚ, ਤੇਗ਼ ਬਹਾਦਰ ਜੀ ਨੇ ਸਤਵੇਂ ਨਾਨਕ ਜੀ ਨੂੰ ਕੀਰਤਪੁਰ ਮਿਲਨ ਗਏ। ਇਸੇ ਸਮੇਂ ਦੌਰਾਨ, ਆਗਰਾ, ਅਲਾਹਬਾਦ, ਪਟਨਾ, ਅਸਾਮ, ਅਤੇ ਢਾਕਾ ਦੇ ਸ਼ਰਧਾਲੂ ਸਤਵੇਂ ਨਾਨਕ ਦੇ ਦਰਸ਼ਨਾਂ ਲਈ ਆਏ। ਇਹਨਾਂ ਸਿੱਖਾ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਿੱਖੀ ਦਾ ਪਰਚਾਰ ਕਰਨ ਲਈ ਉਹ ਉਹਨਾਂ ਦੇ ਇਲਾਕਿਆਂ ਵਿਚ ਆਣ। ਗੁਰੂ ਜੀ (ਸਤਵੇਂ ਨਾਨਕ) ਨੇ ਦਸਿਆ ਕਿ ਬਹੁਤ ਸਾਰੀਆ ਸੰਗਤਾਂ ਕੀਰਤਪੁਰ ਵਿਚ ਲਗਾਤਾਰ ਆਉਂਦੀਆ ਰਹਿੰਦੀਆਂ ਹਨ, ਸੋ ਉਹਨਾਂ ਦੀ ਆਉ-ਭਾਗਤ ਲਈ ਉਹ ਉਥੇ ਹੀ ਰਹਿਣਾ ਚਾਂਹੁੰਦੇ ਹਨ। ਗੁਰੂ ਜੀ ਨੇ ਆਪਣੇ ਚਾਚਾ ਤੇਗ਼ ਬਹਾਦਰ ਜੀ ਨੂੰ ਬੇਨਤੀ ਕੀਤੀ ਕਿ ਸਿੱਖੀ ਦੇ ਪਰਚਾਰ ਲਈ ਉਹ ਪੂਰਬੀ ਭਾਰਤ ਜਾਣ।

ਗੁਰੂ ਹਰਿ ਰਾਏ ਜੀ ਦੀ ਇੱਛਾ ਅਨੁਸਾਰ, ਤੇਗ਼ ਬਹਾਦਰ ਜੀ ਨੇ ੬ ਜੂਨ, ੧੬੫੬ ਨੂੰ ਪੂਰਬੀ ਭਾਰਤ ਦਾ ਦੌਰਾ ਅਰੰਭ ਕੀਤਾ। ਆਪ ਜੀ ਨੇ ਸਿੱਖੀ ਪਰਚਾਰ ਦੇ ਨਵੇਂ ਅਦਾਰੇ ਸਥਾਪਤ ਕਰਕੇ ਅਤੇ ਪੁਰਾਣਿਆਂ ਸਿੱਖ ਸੰਪਰਦਾਵਾਂ ਨੂੰ ਨਵਰੂਪ ਦੇ ਕੇ ਸ਼ਕਤੀਸ਼ਾਲੀ ਬਨਾਉਣ ਵਿਚ ਮਦਦ ਕੀਤੀ। ਆਪ ਜੀ ਦਾ ਪਰਿਵਾਰ ਅਤੇ ਕੁਝ ਪ੍ਰਮੁੱਖ ਸਿੱਖ ਆਪ ਜੀ ਦੇ ਨਾਲ ਸਨ।

**੧੬੫੭ ਈ**: *(ਉਮਰ ੩੬ ਸਾਲ):* ੨੯ ਮਾਰਚ ਦੇ ਦਿਨ, ਤੇਗ਼ ਬਹਾਦਰ ਜੀ ਹਰਿਦੁਆਰ ਪਹੁੰਚੇ। ਰਸਤੇ ਵਿਚ ਉਹ ਬਹੁਤ ਸਥਾਨਾਂ ਤੇ ਠਹਿਰੇ। ਹਰਿਦੁਆਰ ਵਿਚ ਉਹ ਕੋਈ ਡੇਢ ਮਹੀਨਾ ਠਹਿਰੇ। ਆਪ ਜੀ ਆਸ ਪਾਸ ਦੇ ਕਈ ਇਲਾਕਿਆ ਵਿਚ ਵੀ ਗਏ। ਫਿਰ ਆਪ ਜੀ ਆਗਰਾ ਗਏ ਅਤੇ ਕੁਝ ਮਹੀਨੇ ਉਥੇ ਠਹਿਰੇ। ਆਪ ਜੀ ਆਗਰਾ ਦੇ ਨਜਦੀਕ ਦੇ ਵੀ ਕਈ ਸਥਾਨਾਂ ਤੇ ਗਏ। ਮਾਤਾ ਗੂਜਰੀ ਜੀ ਵੀ ਆਪ ਜੀ ਦੇ ਨਾਲ ਸਨ।

**੧੬੬੧ ਈ:** *(ਉਮਰ ੪੦ ਸਾਲ):* ਜੂਨ ਦੇ ਮਹੀਨੇ, ਤੇਗ਼ ਬਹਾਦਰ ਜੀ ਗਯਾ ਅਤੇ ਪਟਨਾ ਵਾਸਤੇ ਚਲ ਪਏ। ਜੁਲਾਈ ਵਿਚ ਆਪ ਜੀ ਪਟਨਾ ਪਹੁੰਚ ਗਏ। ਬਿਹਾਰ, ਬੰਗਾਲ ਅਤੇ ਅਸਾਮ ਵਿਚ ਆਪ ਜੀ ਨੇ ਕੁਝ ਮਹੀਨੇ ਗੁਜ਼ਾਰੇ। ਜਦ ਆਪ ਜੀ ਪੂਰਬ ਦੀ ਤਰਫ਼ ਚਲੇ, ਤਾਂ ਮਾਤਾ ਗੂਜਰੀ ਜੀ ਅਤੇ ਪਰਿਵਾਰ ਪਟਨਾ ਵਿਚ ਹੀ ਠਹਿਰੇ।

੬ ਅਕਤੂਬਰ, ੧੬੬੧ ਨੂੰ ਸਤਵੇਂ ਨਾਨਕ, ਗੁਰੂ ਹਰਿ ਰਾਏ ਜੀ ਜੋਤੀ ਜੋਤ ਸਮਾ ਗਏ। ਉਹਨਾਂ ਨੇ ਸਿੱਖੀ ਦੀ ਜ਼ਿੰਮੇਦਾਰੀ ਅਠਵੇਂ ਨਾਨਕ ਵਜੋਂ ਆਪਣੇ ਛੋਟੇ ਸਪੁੱਤਰ ਹਰਿ ਕ੍ਰਿਸ਼ਨ ਜੀ ਨੂੰ ਸੌਂਪ ਦਿਤੀ, ਜੋ ਉਸ ਵੇਲੇ ੫ ਸਾਲ ਅਤੇ ੩ ਮਹੀਨਿਆਂ ਦੇ ਸਨ। ਸਤਵੇਂ ਨਾਨਕ ਜੀ ਨੇ ਆਪਣੇ ਵੱਡੇ ਸਪੁੱਤਰ ਰਾਮ ਰਾਏ ਜੀ ਨੂੰ ਇਸ ਗੱਦੀ ਦੇ ਲਾਇਕ ਨਾ ਸਮਝਿਆ।

**੧੬੬੪ ਈ:** *(ਉਮਰ ੪੩ ਸਾਲ):* ਆਪਣੇ ਮਿਸ਼ਨਰੀ ਦੌਰੇ ਤੋਂ ਵਾਪਸ ਆਉਂਦੇ ਹੋਏ ਤੇਗ਼ ਬਹਾਦਰ ਜੀ ਮਾਰਚ ਵਿਚ ਆਗਰਾ ਪਹੁੰਚੇ। ੨੧ ਮਾਰਚ ਨੂੰ ਆਪ ਜੀ ਦਿੱਲੀ ਪਹੁੰਚੇ। ਆਪ ਜੀ ਨੂੰ ਪਤਾ ਚਲਿਆ ਕਿ ਅਠਵੇਂ ਨਾਨਕ ਜੀ ਵੀ ਦਿੱਲੀ ਵਿਚ ਹੀ ਹਨ। ੨੪ ਮਾਰਚ ਨੂੰ ਆਪ ਜੀ ਦਾ ਮੇਲ ਹੋਇਆ। ਗੁਰੂ ਹਰਿਕ੍ਰਿਸ਼ਨ ਜੀ ਨੂੰ ਮਿਲਣ ਤੋਂ ਬਾਅਦ ਤੇਗ਼ ਬਹਾਦਰ ਜੀ ਬਕਾਲਾ ਵੱਲ ਚਲ ਪਏ।

ਬਦਕਿਸਮਤੀ ਵਜੋਂ, ਅਠਵੇਂ ਨਾਨਕ ਗੁਰੂ ਹਰਿਕ੍ਰਿਸ਼ਨ ਜੀ ੨੪ ਮਾਰਚ ਨੂੰ ਚੀਚਕ ਬੀਮਾਰੀ ਦੇ ਸ਼ਿਕਾਰ ਹੋ ਗਏ। ਇਹ ਬੀਮਾਰੀ ਸਾਰੇ ਸ਼ਹਿਰ ਵਿਚ ਹੀ ਫ਼ੈਲੀ ਹੋਈ ਸੀ।ਦਿਨੋ ਦਿਨ ਗੁਰੂ ਜੀ ਦਾ ਬੁਖਾਰ ਵਧਦਾ ਗਿਆ। ਤੇਜ਼ ਬੁਖਾਰ ਕਾਰਨ ਉਹਨਾਂ ਦੀ ਹਾਲਤ ਵਿਗੜਦੀ ਗਈ ਅਤੇ ਗੁਰੂ ਜੀ ਬਹੁਤ ਕਮਜ਼ੋਰ ਹੋ ਗਏ। ਆਪਣੇ ਆਖਰੀ ਸਮੇਂ ਨੂੰ ਨੇੜੇ ਆਉਂਦਾ ਦੇਖਦੇ ਹੋਏ, ਗੁਰੂ ਹਰਿਕ੍ਰਿਸ਼ਨ ਜੀ ਨੇ ਆਪਣੇ ਸੇਵਕਾਂ ਨੂੰ ਦਿੱਲੀ ਵਿਚ ਹੁਕਮ ਕੀਤਾ ਕਿ ਉਹਨਾਂ ਤੋਂ ਬਾਅਦ ਗੁਰਗੱਦੀ 'ਬਾਬਾ ਬਕਾਲਾ' ਨੂੰ ਦਿੱਤੀ ਜਾਵੇ।

ਪੰਜਾਬੀ ਭਾਸ਼ਾ ਵਿਚ, 'ਬਾਬਾ' ਸ਼ਬਦ ਦਾਦਾ/ਬਾਬਾ ਲਈ ਵਰਤਿਆ ਜਾਂਦਾ ਹੈ। ਤੇਗ਼ ਬਹਾਦਰ ਜੀ ਅਠਵੇਂ ਨਾਨਕ ਗੁਰੂ ਜੀ ਦੇ ਦਾਦਾ ਬਾਬਾ ਜੀ ਸਨ ਅਤੇ ਬਕਾਲਾ ਵਿਚ ਰਹਿ ਰਹੇ ਸਨ। ਅਠਵੇਂ ਨਾਬਕ ਦਾ ਸੰਦੇਸ਼ ਸਪਸ਼ਟ ਸੀ। ਉਹਨਾਂ ਨੇ ਆਪਣੇ ਸਿੱਖ-ਸੇਵਕਾਂ ਨੂੰ ਦਸ ਦਿਤਾ ਸੀ ਕਿ ਆਪ ਜੀ ਦੇ ਦਾਦਾ ਬਾਬਾ - ਤੇਗ਼ ਬਹਾਦਰ ਜੀ - ਨੂੰ ਗੁਰੂ ਰੂਪ ਵਿਚ ਨੌਵੇਂ ਨਾਨਕ ਵਜੋਂ ਮੰਨਿਆ ਜਾਵੇ। ੩੦ ਮਾਰਚ ੧੬੬੪ ਦੇ ਦਿਨ, ਅਠਵੇਂ ਨਾਨਕ ਜੀ ਦਿੱਲੀ ਵਿਚ ਜੋਤੀ ਜੋਤ ਸਮਾ ਗਏ, ਉਸ ਵੇਲੇ ਉਹਨਾਂ ਦੀ ਆਯੂ *੭* ਸਾਲ ਅਤੇ ਸਾਢੇ ਅੱਠ ਮਹੀਨਿਆਂ ਦੀ ਸੀ।

---

******************

# ੬. ਤੇਗ਼ ਬਹਾਦਰ ਜੀ – ਨੌਵੇਂ ਨਾਨਕ ਵਜੋਂ

**੧੬੬੪ ਈ:** *(ਉਮਰ ੪੩ ਸਾਲ):* ਪੰਜਵੇਂ ਅਧਿਆਇ ਵਿਚ ਦੱਸਣ ਅਨੁਸਾਰ, ਅਠਵੇਂ ਨਾਨਕ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਦਾਦਾ ਬਾਬਾ ਤੇਗ਼ ਬਹਾਦਰ ਜੀ ਨੂੰ ਨੌਵੇਂ ਗੁਰੂ ਵਜੋਂ ਨਿਯੁਕਤ ਕਰ ਦਿਤਾ ਸੀ। ਤੇਗ਼ ਬਹਾਦਰ ਜੀ ਉਸ ਵੇਲੇ ਬਕਾਲਾ ਵਿਚ ਸਨ। ਅਠਵੇਂ ਨਾਨਕ ਦੇ ਪ੍ਰਮੁੱਖ ਦਰਬਾਰੀ ਬਕਾਲਾ ਨਗਰ ਗਏ ਅਤੇ ਤੇਗ਼ ਬਹਾਦਰ ਜੀ ਨੂੰ ਰਸਮੀ ਤੌਰ ਤੇ ਬੇਨਤੀ ਕੀਤੀ ਕਿ ਸਿੱਖ ਮਿਸਨ ਦੀ ਗੁਰਗੱਦੀ ਨੂੰ ਸੁਸ਼ੋਭਿਤ ਕਰਨ। ੧੧ ਅਗਸਤ ੧੬੬੪ ਨੂੰ ਮਾਤਾ ਸੁਲੱਖਣੀ (ਮਾਤਾ ਹਰਿਰਾਏ ਜੀ ਦੀ ਪਤਨੀ ਅਤੇ ਗੁਰੂ ਹਰਿਕ੍ਰਿਸਨ ਜੀ ਦੀ ਮਾਤਾ ਜੀ) ਦੇ ਨਾਲ ਸਿੰਘਾ ਦੀ ਹਾਜ਼ਰੀ ਵਿਚ ਤੇਗ਼ ਬਹਾਦਰ ਜੀ ਨੂੰ ਰਸਮੀ ਤੌਰ ਤੇ ਸਿੱਖ ਗੁਰਗੱਦੀ ਤੇ ਸੁਸ਼ੋਭਤ ਕਰ ਦਿਤਾ ਗਿਆ।

ਨੌਵੇਂ ਗੁਰੂ ਜੀ, ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਦਾ ਪਾਲਨ ਕਰਦੇ ਸਨ ਕਿ ਇਕ ਅਧਿਆਤਮਿਕ ਬਿਰਤੀ ਵਾਲਾ ਪੁਰਖ ਹੋਰਨਾਂ ਨੂੰ ਅਗਿਆਨਤਾ ਵਿਚੋਂ ਉੱਚਾ ਉਠਾਵੇ ਅਤੇ ਸੰਸਾਰ ਦਾ ਓਧਾਰ ਕਰੇ। ਗੁਰਗੱਦੀ ਧਾਰਣ ਕਰਨ ਤੋਂ ਬਾਅਦ, ਗੁਰੂ ਤੇਗ ਬਹਾਦਰ ਜੀ ਨੇ ਕੀਰਤਪੁਰ ਦੀ ਪਹਿਲੀ ਯਾਤਰਾ ਕੀਤੀ। ਇਹ ਨਗਰ ਉਸ ਵੇਲੇ ਸਿੱਖ ਪੰਥ ਦਾ ਮੁੱਖ-ਸਥਾਨ ਸੀ।

ਗੁਰੂ ਜੀ ਨੇ ੧੬੫੬ ਈ: ਤੋਂ, ਜਦੋਂ ਉਹ ਪੂਰਬੀ ਭਾਰਤ ਦੇ ਲੰਬੇ ਮਿਸ਼ਨਰੀ ਦੌਰੇ ਤੇ ਗਏ ਸਨ, ਉਹ ਅੱਠ ਸਾਲ ਕੀਰਤਪੁਰ ਨਹੀਂ ਗਏ ਸਨ। ਉਤਰੀ ਭਾਰਤ ਦੇ ਦੌਰੇ ਸਮੇਂ, ਗੁਰੂ ਜੀ ਨੇ ਸਥਾਨਕ ਸੰਗਤਾਂ ਨਾਲ ਆਪਣੇ ਸਬੰਧਾਂ ਨੂੰ ਮਸੰਦਾਂ ਰਾਹੀਂ ਮੁੜ ਜਾਗਰਤ ਕੀਤਾ। ਨੌਵੇਂ ਗੁਰੂ ਜੀ ਨੇ ਸਾਰੇ ਭਾਰਤ ਵਿਚ ਸਿੱਖ ਸੰਗਤਾਂ ਨੂੰ ਹੁਕਮਨਾਮੇ ਜਾਰੀ ਕੀਤੇ। ਛੇਵੇਂ ਨਾਨਕ (ਆਪ ਜੀ ਦੇ ਪਿਤਾ ਗੁਰੂ ਹਰਿਗੋਬਿੰਦ ਜੀ) ਦੀ ਮਰਯਾਦਾ ਅਨੁਸਾਰ, ਗੁਰੂ ਤੇਗ ਬਹਾਦਰ ਜੀ ਵੀ ਸਿੱਖਾਂ ਦੀ ਰਖਵਾਲੀ ਲਈ ਫ਼ੌਜ ਰਖਦੇ ਸਨ ਅਤੇ ਉਸ ਫ਼ੌਜ ਦੀ ਅਗਵਾਈ ਉਹ ਆਪ ਕਰਦੇ ਸਨ। ਫਿਰ ਵੀ, ਉਹ ਇਕ ਸਧਾਰਨ ਜੀਵਨ ਬਤੀਤ ਕਰਦੇ ਸਨ।

**"ਭੋਰੇ ਵਿਚ ਭਗਤੀ" ਬਾਰੇ ਗੁੰਮਰਾਹਕੁੰਨ ਕਥਾ:** ਕੁਝ ਲੇਖਕਾਂ ਨੇ ਗਲਤ-ਬਿਆਨੀ ਕੀਤੀ ਹੈ ਕਿ ਤੇਗ਼ ਬਹਾਦਰ ਜੀ ਨੇ ੧੬੪੪ ਤੋਂ ੧੬੫੬ ਤੱਕ ਬਕਾਲਾ ਵਿਖੇ "ਭੋਰੇ" ਵਿਚ ਬਾਰਾਂ ਸਾਲ ਭਗਤੀ/ਤਪ ਕੀਤਾ। ਉਹ ਸ਼ਾਇਦ ਗੁਰੂ ਤੇਗ਼ ਬਹਾਦਰ ਜੀ ਦੇ ਕੀਤੇ ਮਿਸ਼ਨਰੀ ਦੌਰਿਆਂ ਨਾਲ ਸਬੰਧਤ ਤੱਥਾਂ ਤੋਂ ਅਣਜਾਣ ਹਨ। *(ਦੇਖੋ ਚੈਪਟਰ ੪, ੫ ਅਤੇ ੧੫)*

ਭੋਰੇ ਵਿਚ ਕੀਤੇ ਤਪ ਜਾਂ ਭਗਤੀ ਬਾਰੇ ਇਹ ਬਨਾਵਟੀ ਕਹਾਣੀ ਸਿੱਖੀ ਧਾਰਣਾਵਾਂ ਦੇ ਅਨੁਸਾਰ ਨਹੀਂ ਹੈ। ਗੁਰੂ ਨਾਨਕ ਜੀ ਲੰਬਾ ਸਫ਼ਰ ਕਰਕੇ ਪਹਾੜਾਂ ਦੀਆਂ ਚੋਟੀਆ ਤੇ ਜਾ ਕੇ ਯੋਗੀਆਂ ਨੂੰ ਇਹ ਨਸੀਹਤ ਕਰਨ ਲਈ ਪਹੁੰਚੇ ਕਿ ਸਮਾਜ ਤੋਂ ਦੂਰ ਰਹਿ ਕੇ ਕਿਧਰੇ ਇਕਾਂਤ ਵਿਚ ਭਗਤੀ ਕਰਨ ਨਾਲ ਕੋਈ ਰੱਬ ਦੇ ਨੇੜੇ ਨਹੀਂ ਪਹੁੰਚ ਸਕਦਾ। ਗੁਰੂ ਨਾਨਕ ਦੀਆ ਸਿਖਿਆਵਾਂ ਵਿਚ, ਜੋ ਸਿੱਖ ਧਰਮ ਦਾ ਆਧਾਰ ਬਣੀਆਂ, ਗੁਰੂ ਜੀ ਨੇ ਜ਼ਿਮੇਵਾਰ ਗ੍ਰਹਸਤੀ ਜੀਵਨ ਨੂੰ ਹੀ ਜ਼ਿੰਦਗੀ ਦੇ ਸਿਧਾਂਤ ਵਜੋਂ ਅਪਨਾਇਆ। ਗੁਰੂ ਨਾਨਕ ਜੀ ਨੇ ਤਿੰਨ ਨਿਯਮਾਂ ਨੂੰ ਜੀਵਨ-ਆਧਾਰ ਵਜੋਂ ਪਰਚਾਰਿਆ – ਪ੍ਰਮਾਤਮਾ ਦਾ ਨਾਮ ਜਪਣਾ, ਮੇਹਨਤ ਨਾਲ ਰੁਜ਼ਗਾਰ ਕਮਾਉਣਾ ਅਤੇ ਲੋੜਵੰਦ ਦੀ ਮਦਦ ਕਰਨਾ। ਉਹਨਾਂ ਦੇ ਅਨੁਯਾਈ ਸਾਰੇ ਗੁਰੂਆਂ ਨੇ ਇਹਨਾਂ ਨਿਯਮਾਂ ਦੀ ਪਾਲਣਾ ਕੀਤੀ। ਗੁਰੁ ਤੇਗ਼ ਬਹਾਦਰ ਜੀ ਨੇ ਵੀ ਇਹਨਾਂ ਨਿਯਮਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ।

**ਮੱਖਣ ਸ਼ਾਹ ਲੁਬਾਣੇ ਦੇ ਆਉਣ ਬਾਰੇ ਗੁੰਮਰਾਹਕੁੰਨ ਕਹਾਣੀ:** ਤੇਗ਼ ਬਹਾਦਰ ਜੀ ਉਸ ਵੇਲੇ ਬਕਾਲਾ ਵਿਚ ਰਹਿ ਰਹੇ ਸਨ ਜਦ ਅਠਵੇਂ ਨਾਨਕ ਜੀ ਜੋਤੀ ਜੋਤ ਸਮਾਏ। ਅਕਤੂਬਰ ੧੬੬੪ ਵਿਚ, ਜੇਹਲਮ ਦਾ ਵਾਸੀ ਭਾਈ ਮੱਖਣ ਸ਼ਾਹ ਲੁਬਾਣਾ ਨੌਵੇਂ ਨਾਨਕ ਪਾਸ ਆਇਆ। ਇਤਿਹਾਸ ਵਿਚ ਉਸਨੂੰ ਉਸ ਵੇਲੇ ਦੇ ਪ੍ਰਮੁੱਖ ਸਿੱਖਾਂ ਵਜੋਂ ਦਸਿਆ ਗਿਆ ਹੈ। ਉਹ ਇਕ ਸ਼ਾਹੂਕਾਰਾ ਵਿਉਪਾਰੀ ਪਰਵਾਰ ਨਾਲ ਸਬੰਧ ਰਖਦਾ ਸੀ। ਉਸਦਾ ਪਰਵਾਰ ਸਤਵੇਂ ਨਾਨਕ ਦੇ ਵੇਲੇ ਤੋਂ ਸਾਲ ਵਿਚ ਇਕ ਵਾਰ ਗੁਰੂ ਜੀ ਪਾਸ ਆਇਆ ਕਰਦਾ ਸੀ ਤਾਕਿ ਦਸਵੰਧ (ਕਮਾਈ ਦਾ ਦਸਵਾਂ ਭਾਗ) ਭੇਟ ਕਰ ਸਕੇ। ਦਸਵੰਧ ਭੇਂਟ ਕਰਨ ਦੀ ਰਵਾਇਤ ਤੀਸਰੇ ਨਾਨਕ ਨੇ ਸ਼ੁਰੂ ਕੀਤੀ ਸੀ ਤਾਕਿ ਇਕ ਨਵੇਂ ਸਹਿਰ ਅੰਮ੍ਰਿਤਸਰ ਦੀ ਸੁਚੱਜੀ ਸਥਾਪਨਾ ਕੀਤੀ ਜਾ ਸਕੇ।

ਇਕ ਹੋਰ ਵੀ ਬਨਾਵਟੀ ਪਰ ਪ੍ਰਚਲਤ ਕਹਾਣੀ ਹੈ ਕਿ ਜਦੋਂ ਮੱਖਣ ਸ਼ਾਹ ਬਕਾਲਾ ਪਹੁੰਚਿਆ ਤਾਂ ਉਸਨੇ ਪੰਜ ਸੋਨੇ ਦੀਆਂ ਮੋਹਰਾਂ ਭੇਟਾ ਦੇ ਤੌਰ ਤੇ ਪਹਿਲਾਂ ਧੀਰ ਮਲ ਅੱਗੇ ਰਖੀਆਂ ਜੋ ਕਿ ਆਪਣੇ ਆਪ ਨੂੰ ਗੁਰੂ ਕਹਾਉਂਦਾ ਸੀ। (ਧੀਰ ਮਲ ਛੇਵੇਂ ਨਾਨਕ ਗੁਰੂ ਹਰਿਗੋਬਿੰਦ ਜੀ ਦਾ ਪੋਤਾ ਸੀ ਅਤੇ ਸਤਵੇਂ ਨਾਨਕ ਗੁਰੂ ਹਰਿਰਾਏ ਜੀ ਦਾ ਵੱਡਾ ਭਰਾ ਸੀ)। ਧੀਰ ਮਲ ਨੇ ਸੋਨੇ ਦੀਆਂ ਉਹ ਮੋਹਰਾਂ ਤੁਰੰਤ ਆਪਣੀ ਜੇਬ ਵਿਚ ਪਾ ਲਈਆਂ। ਮੱਖਣ ਸ਼ਾਹ ਨੂੰ ਸ਼ੱਕ ਹੋ ਗਿਆ ਕਿ ਇਹ ਗੁਰੂ ਨਹੀਂ ਹੋ ਸਕਦਾ। ਮੱਖਣ ਸ਼ਾਹ ਨੇ ਫਿਰ ਸੋਨੇ ਦੀਆਂ ਪੰਜ ਮੋਹਰਾਂ ਗੁਰੂ ਤੇਗ਼ ਬਹਾਦਰ ਜੀ ਅੱਗੇ ਭੇਟਾ ਵਜੋਂ ਰਖੀਆਂ। ਗੁਰੂ ਜੀ ਨੇ ਉਹਨਾਂ ਮੋਹਰਾਂ ਵਿਚ ਕੋਈ ਲਾਲਚ ਨਾ ਦਿਖਾਇਆ। ਗੁਰੂ ਜੀ ਨੇ ਸੁੱਘੜਤਾ ਭਰੇ ਕੁਝ ਸ਼ਬਦ ਮੱਖਣ ਸ਼ਾਹ ਨੂੰ ਕਹੇ। ਮੱਖਣ ਸ਼ਾਹ ਨੂੰ ਸਮਝ ਆ ਗਈ ਕਿ ਉਸਨੇ ਸੱਚਾ ਗੁਰੂ ਲੱਭ ਲਿਆ ਸੀ। ਉਸਨੇ ਉੱਚੀ ਨਾਲ ਪੁਕਾਰਿਆ ਕਿ “ਗੁਰੂ ਲਭ ਲਿਆ ਹੈ”। ਇਹ ਸਹੀ ਨਹੀਂ ਹੋ ਸਕਦਾ ਕਿਉਂਕਿ ਇਸ ਸਮੇਂ ਤੱਕ ਸੰਗਤਾਂ ਪੂਰੀ ਤਰ੍ਹਾਂ ਜਾਣ ਚੁਕਿਆਂ ਸਨ ਕਿ ਅਠਵੇਂ ਨਾਨਕ ਗੁਰੂ ਹਰਿਕ੍ਰਿਸ਼ਨ ਜੀ ਨੇ ਸਪਸ਼ਟ ਐਲਾਨ ਕਰ ਦਿਤਾ ਸੀ ਕਿ ਤੇਗ਼ ਬਹਾਦਰ ਜੀ ਸਿੱਖ ਸੰਗਤਾਂ ਦੇ ਨੌਵੇਂ ਗੁਰੂ ਹੋਣਗੇ।

ਇਸ ਕਹਾਣੀ ਤੋਂ ਇਲਾਵਾ, ਕੁਝ ਪੱਖਪਾਤੀ ਲੇਖਕਾਂ ਨੇ ਇਕ ਮਨਘੜਤ ਕਹਾਣੀ ਨਾਲ ਇਸ ਘਟਨਾ ਨੂੰ “ਚਮਤਕਾਰ” ਦੇ ਤੌਰ ਦਸਿਆ ਹੈ। ਇਸ ਕਹਾਣੀ ਅਨੁਸਾਰ ਜਦੋਂ ਮੱਖਣ ਸ਼ਾਹ ਦਾ ਜਹਾਜ਼ ਸਮੁੰਦਰ ਵਿਚ ਡੁੱਬ ਰਿਹਾ ਸੀ ਤਾਂ ਉਸਨੇ ਗੁਰੂ ਜੀ ਪਾਸ ਸਹਾਇਆ ਵਾਸਤੇ ਅਰਦਾਸ ਕੀਤੀ ਅਤੇ ਗੁਰੂ ਜੀ ਨੇ ਨਿੱਜੀ ਤੌਰ ਤੇ ਜਹਾਜ਼ ਨੂੰ ਮੋਢਾ ਦਿਤਾ ਅਤੇ ਚਮਤਕਾਰ ਦੇ ਤੌਰ ਤੇ ਜਹਾਜ਼ ਨੂੰ ਸੁਰੱਖਿਅਤ ਰੂਪ ਵਿਚ ਕਿਨਾਰੇ ਲਗਾਇਆ। ਇਹ ਕਹਾਣੀ ਝੂਠੀ ਹੈ। ਸਿੱਖ ਧਰਮ ਵਿਚ “ਚਮਤਕਾਰਾਂ” ਵਿਚ ਵਿਸ਼ਵਾਸ ਨਹੀਂ ਕੀਤਾ ਜਾਂਦਾ। ਇਹ ਜਾਣਿਆ ਮੰਨਿਆ ਤੱਥ ਹੈ ਕਿ ਗੁਰੂ ਜੀ ਨੇ (ਬਾਅਦ ਵਿਚ) ਆਪਣੀ ਜਾਨ ਬਚਾਉਣ ਲਈ ਦਿੱਲੀ ਵਿਚ ਕੋਈ ਚਮਤਕਾਰੀ ਸਕਤੀ ਦਿਖਾਉਣ ਤੋਂ ਇਨਕਾਰ ਕਰ ਦਿਤਾ, ਜਦ ਔਰੰਗਜ਼ੇਬ ਨੇ ਗੁਰੂ ਜੀ ਨੂੰ ਇਕ ਚੋਣਵਾਂ ਸੁਝਾਅ ਦਿਤਾ ਕਿ ਗੁਰੂ ਜੀ ਆਪਣੀ ਜਾਨ ਬਚਾ ਲੈਣ ਜਾਂ ਇਸਲਾਮ ਕਬੂਲ ਕਰ ਲੈਣ ਜਾਂ “ਚਮਤਕਾਰ” ਦਿਖਾਉਣ। ਗੁਰੂ ਜੀ ਨੇ ਸਭਨਾਂ ਲਈ ਧਾਰਮਿਕ ਆਜ਼ਾਦੀ ਦੇ ਹੱਕ ਵਿਚ  ਸ਼ਹਾਦਤ ਪਾਉਣ ਨੂੰ ਚੁਣਿਆ। (ਦੇਖੋ ਅਧਿਆਇ ੧੪)

******************

# ੭. ਖਿਮਾਂ ਬਖ਼ਸ਼ਸ਼ ਕਰਨ ਦਾ ਸੰਦੇਸ਼

**੧੬੬੪ ਈ:** *(ਉਮਰ ੪੩ ਸਾਲ):* ਜਿਵੇਂ ਕਿ ਅਧਿਆਇ ੬ ਵਿਚ ਦਸਿਆ ਗਿਆ ਹੈ, ਮੱਖਣ ਸ਼ਾਹ ਲੁਬਾਣਾ ਨੌਵੇਂ ਗੁਰੂ ਨੂੰ ਦਸਵੰਧ ਦੇਣ ਬਕਾਲੇ ਆਇਆ ਸੀ। ਧੀਰ ਮਲ ਨਿਰਾਸ ਹੋ ਗਿਆ ਜਦ ਸਿੱਖਾਂ ਨੂੰ ਪਤਾ ਲੱਗਾ ਕਿ ਮੱਖਣ ਸ਼ਾਹ ਉਸਨੂੰ ਮਿਲਿਆ ਸੀ ਅਤੇ ਉਸਨੇ ਧੀਰ ਮਲ ਨੂੰ "ਸੱਚਾ" ਗੁਰੂ ਨਹੀਂ ਤਸਲੀਮ ਕੀਤਾ ਸੀ। ਉਹ ਗੁਰੂ ਤੇਗ਼ ਬਹਾਦਰ ਪ੍ਰਤੀ ਈਰਖਾਲੂ ਬਣਿਆ ਰਿਹਾ ਅਤੇ ਗੁਰੂ ਜੀ ਨੂੰ ਨੁਕਸਾਨ ਪੁਚਾਉਣ ਦੇ ਰਸਤੇ ਲਭਦਾ ਰਿਹਾ। ਉਸਨੇ ਸ਼ੀਹਾਂ ਨਾਮੀ ਇਕ ਮਸੰਦ ਨੂੰ ਰਿਸ਼ਵਤ ਦਿਤੀ ਕਿ ਉਹ ਗੁਰੂ ਨੂੰ ਗੋਲੀ ਨਾਲ ਮਾਰ ਦੇਵੇ। ਉਸਦੀ ਗੋਲੀ ਗੁਰੂ ਜੀ ਦੇ ਸਿਰ ਵਿਚ ਨ ਲਗੀ ਅਤੇ ਮੋਢੇ ਨੇੜਿਓਂ ਦੀ ਲੰਘ ਗਈ। ਸ਼ੀਹਾਂ ਅਤੇ ਉਸਦੇ ਸਾਥੀਆਂ ਨੇ ਗੁਰੂ ਜੀ ਦੇ ਘਰ ਨੂੰ ਭੰਨ ਤੋੜ ਦਿਤਾ। ਧੀਰ ਮਲ ਅਤੇ ਉਸਦੇ ਸਾਥੀ ਗੁਰੂ ਜੀ ਦੀ ਜਾਇਦਾਦ/ਮਾਲ ਸਬਾਬ ਵਗੈਰਾ ਲੈ ਕੇ ਕਰਤਾਰਪੁਰ ਵੱਲ ਚਲੇ ਗਏ। ਗੁਰੂ ਜੀ ਸ਼ਾਂਤ ਚਿੱਤ ਰਹੇ ਅਤੇ ਉਹਨਾਂ ਪ੍ਰਤੀ ਕੋਈ ਨਰਾਜ਼ਗੀ ਜ਼ਾਹਰ ਨਾ ਕੀਤੀ।

ਮੱਖਣ ਸ਼ਾਹ ਅਤੇ ਹੋਰ ਅਨੇਕਾਂ ਸਿੱਖ ਬਕਾਲੇ ਵਿਚ ਹੀ ਸਨ। ਜਦ ਮੱਖਣ ਸ਼ਾਹ ਨੂੰ ਇਸ ਵਾਰਦਾਤ ਦਾ ਪਤਾ ਲਗਾ, ਤਾ ਉਸਨੇ ਕੁਝ ਸਿੱਖਾਂ ਨੂੰ ਇਕੱਠਾ ਕੀਤਾ ਅਤੇ ਧੀਰ ਮਲ ਦਾ ਪਿੱਛਾ ਕੀਤਾ। ਉਹ ਗੁਰੂ ਜੀ ਦਾ ਸਾਰਾ ਮਾਲ ਵਾਪਸ ਲੈ ਆਏ। ਉਹ ਗੁਰੂ ਗ੍ਰੰਥ ਸਾਹਿਬ ਵੀ ਵਾਪਸ ਲੈ ਅਏ ਜੋ ਧੀਰ ਮਲ ਦੇ ਕਬਜ਼ੇ ਵਿਚ ਸੀ। (ਕਿਉਂਕਿ ਉਹ ਗੁਰੂ ਹਰਿਗੋਬਿੰਦ ਜੀ, ਛੇਵੇਂ ਗੁਰੂ ਦੇ ਪਰਿਵਾਰ ਵਿੱਚੋਂ ਸੀ)। ਗੁਰੂ ਜੀ ਨੇ ਸਭ ਕੁਝ, ਗੁਰੂ ਗ੍ਰੰਥ ਸਮੇਤ, ਧੀਰ ਮਲ ਨੂੰ ਵਾਪਸ ਕਰ ਦੇਣ ਲਈ ਕਿਹਾ। ਗੁਰੂ ਜੀ ਨੇ ਸ਼ੀਹਾਂ ਮਸੰਦ ਨੂੰ ਵੀ ਬਖ਼ਸ਼ ਦਿਤਾ ਜਿਸਨੇ ਗੋਲੀ ਚਲਾਈ ਸੀ।

ਬਹੁਤੇ ਸਿੱਖਾਂ ਨੇ ਮਹਿਸੂਸ ਕੀਤਾ ਕਿ ਗ੍ਰੰਥ ਸਾਹਿਬ ਧੀਰ ਮਲ ਦੀ ਨਿਜੀ ਜਾਇਦਾਦ ਨਹੀਂ ਸੀ। ਉਹਨਾਂ ਅਨੁਸਾਰ ਇਸਦਾ ਸੰਬੰਧ ਗੁਰੂ ਜੀ ਅਤੇ ਸਿੱਖਾਂ ਨਾਲ ਹੈ। ਉਹ ਧੀਰ ਮਲ ਅਤੇ ਉਸਦੇ ਸਾਥੀ-ਸਾਜ਼ਸ਼ਕਾਰਾਂ ਨਾਲ ਨਰਾਜ਼ ਸਨ। ਗੁਰੂ ਜੀ ਨੇ ਸਿੱਖਾਂ ਨੂੰ ਇਹ ਸਿਖਿਆ ਦਿਤੀ ਕਿ ਗੁੱਸੇ ਨੂੰ ਮਨ ਵਿਚ ਕਦੇ ਵੀ ਨਹੀਂ ਆਉਣ ਦੇਣਾ ਚਾਹੀਦਾ। ਗੁਰੂ ਜੀ ਨੇ ਦਸਿਆ ਕਿ ਕ੍ਰੋਧ ਬੰਦੇ ਦਾ ਬਹੁਤ ਵੱਡਾ ਦੁਸ਼ਮਣ ਹੈ ਅਤੇ ਖਤਰਨਾਕ ਜ਼ਹਿਰ ਹੈ। ਕ੍ਰੋਧ ਕਰਨ ਵਾਲਾ ਬੰਦਾ ਠੀਕ ਅਤੇ ਗਲਤ ਵਿਚ ਫਰਕ ਨਹੀਂ ਸਮਝ ਸਕਦਾ। ਕ੍ਰੋਧ ਕਰਨ ਵੇਲੇ ਬੰਦਾ ਘੋਰ ਗਲਤੀਆਂ ਕਰਦਾ ਹੈ ਅਤੇ ਜੀਵਨ ਬਹੁਤ ਅਸਿਹ ਹੋ ਜਾਂਦਾ ਹੈ। ਗੁਰੂ ਜੀ ਨੇ ਸਿੱਖਾਂ ਨੂੰ ਸਮਝਾਇਆ ਕਿ ਉਹ ਗੁੱਸੇ ਨੂੰ ਦੁਨਿਆਵੀ ਅਨਿਆਇਆਂ ਦੇ ਵਿਰੁੱਧ ਵਰਤੋਂ ਵਿਚ ਲਿਆਉਣ, ਨਾਕਿ ਕੋਈ ਬਦਲਾ ਲੈਣ ਲਈ। ਗੁਰੂ ਜੀ ਨੇ ਪੋਥੀ, ਗੁਰੂ ਗ੍ਰੰਥ ਸਾਹਿਬ, ਧੀਰ ਮਲ ਨੂੰ ਵਾਪਸ ਕਰਵਾ ਦਿਤੀ।

ਗੁਰੂ ਜੀ ਨੇ ਸਿੱਖਾਂ ਨੂੰ ਹਮੇਸ਼ਾ ਰਹਿਮ-ਦਿਲ, ਮੇਹਰਬਾਨ ਅਤੇ ਸ਼ਾਂਤ-ਚਿੱਤ ਰਹਿਣ ਦੀ ਸਿਖਿਆ ਦਿਤੀ। ਗੁਰੂ ਜੀ ਦੀ ਸਿਖਿਆ ਸੀ ਕਿ ਮਾਫ਼ ਕਰ ਦੇਣਾ ਜਾਂ ਬਖ਼ਸ਼ ਦੇਣਾ ਸਭ ਤੋਂ ਵੱਡੀ ਚੰਗਿਆਈ ਅਤੇ ਪੁੰਨ-ਦਾਨ ਹੈ। ਬਦਲਾ-ਲਊ ਭਾਵਨਾ ਕਦੇ ਵੀ ਨਹੀਂ ਰਖਣੀ ਚਾਹੀਦੀ ਅਤੇ ਨਾ ਹੀ ਕਦੇ ਮਾਫ਼ ਕਰ ਦੇਣ ਦੇ ਮੌਕੇ ਨੂੰ ਗੁਆਉਣਾ ਚਾਹੀਦਾ ਹੈ।

---

**************

# ੮. ਸਿੱਖ ਪੁਜਾਰੀਆਂ ਦਾ ਖ਼ੁਦਗਰਜ਼ ਵਿਵਹਾਰ

**੧੬੬੫ ਈ:** *(ਉਮਰ ੪੪ ਸਾਲ):* ਬਕਾਲਾ ਵਿਚ ਬਹੁਤ ਸਮਾ ਬਿਤਾਉਣ ਤੋਂ ਬਾਅਦ, ਗੁਰੂ ਜੀ ਨੇ ਸਿੱਖੀ ਦਾ ਸੰਦੇਸ਼ ਫੈਲਾਉਣ ਲਈ ਨਾਲ ਲਗਦੇ ਇਲਾਕਿਆ ਦਾ ਦੌਰਾ ਕੀਤਾ। ਮੱਖਣ ਸ਼ਾਹ ਨੂੰ ਨਾਲ ਲੈ ਕੇ ਗੁਰੂ ਜੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਪਹੁੰਚੇ।

ਛੇਵੇਂ ਨਾਨਕ ਗੁਰੂ ਹਰਿਗੋਬਿੰਦ ਜੀ ਹਰਿਮੰਦਰ ਸਾਹਿਬ ਦੇ ਅਦਾਰੇ ਨੂੰ ੧੬੩੦ ਈਸਵੀ ਵਿਚ ਛੱਡ ਗਏ ਸਨ ਅਤੇ ਹਰਿਮੰਦਰ ਸਾਹਿਬ ਦਾ ਸਾਰਾ ਪ੍ਰਬੰਧ ਸਥਾਨਕ ਸਿੱਖ-ਸੰਗਤਾਂ ਦੇ ਸਪੁਰਦ ਕਰ ਗਏ ਸਨ। ਆਪਣੇ ਰੁਝੇਵਿਆਂ ਵਿਚ ਰੁਝੇ ਹੋਣ ਕਰਕੇ, ਗੁਰੂ ਹਰਿਗੋਬਿੰਦ ਜੀ ਨੂੰ ਮੁੜ ਹਰਿਮੰਦਰ ਸਾਹਿਬ ਆਉਣ ਦਾ ਮੌਕਾ ਨਾ ਮਿਲਿਆ। ਸਤਵੇਂ ਨਾਨਕ ਨੇ ੧੬੫੪ ਈ: ਵਿਚ ਕੋਈ ਛੇ ਮਹੀਨੇ ਲਈ ਹਰਿਮੰਦਰ ਸਾਹਿਬ ਗਏ। ਸੋ, ਕੋਈ ਗਿਆਰਾਂ ਸਾਲਾਂ ਦੇ ਵਕਫ਼ੇ ਬਾਅਦ, ਨੌਵੇਂ ਨਾਨਕ ੧੬੬੫ ਦੇ ਸ਼ੁਰੂ ਵਿਚ ਅੰਮ੍ਰਿਤਸਰ ਗਏ।

ਪਿਛਲੇ ਤੀਹ ਸਾਲਾਂ ਤੋਂ ਸਿੱਖ ਪੁਜਾਰੀ ਹੀ ਹਰਿਮੰਦਰ ਸਾਹਿਬ ਦਾ ਪ੍ਰਬੰਧ ਚਲਾ ਰਹੇ ਸਨ। ਹਰਜੀ ਨਾਮੀ ਇਕ ਮਸੰਦ ਇਸ ਸਥਾਨ ਦੇ ਪ੍ਰਬੰਧ ਦਾ ਕਰਤਾ-ਧਰਤਾ ਸੀ। ਸਾਰੇ ਪੁਜਾਰੀ ਰਿਸ਼ਵਤਖੋਰ ਹੋ ਗਏ ਸਨ ਅਤੇ ਚੜ੍ਹਾਵੇ ਦੀ ਸਾਰੀ ਰਕਮ ਆਪਣੇ ਨਿੱਜੀ ਲੋੜਾਂ ਲਈ ਵਰਤ ਲੈਂਦੇ ਸਨ। ਉਹ ਨਹੀਂ ਚਾਹੁੰਦੇ ਸਨ ਕਿ ਨੌਵੇਂ ਨਾਨਕ ਹਰਿਮੰਦਰ ਸਾਹਿਬ ਦੇ ਅਦਾਰੇ ਵਿਚ ਠਹਿਰਨ। ਉਹਨਾਂ ਨੂੰ ਡਰ ਸੀ ਕਿ ਇਸਤਰ੍ਹਾਂ ਹੋਣ ਨਾਲ ਉਹਨਾਂ ਦੇ ਚੜ੍ਹਾਵੇ ਦੀ ਕਮਾਈ ਵਿਚ ਘਾਟਾ ਪਵੇਗਾ। ਨੋਵੇਂ ਨਾਨਕ ਹਰਿਮੰਦਰ ਸਾਹਿਬ ਦੇ ਨਜ਼ਦੀਕ ਹੀ ਇਕ ਸਥਾਨ ਤੇ ਠਹਿਰੇ, ਜਿਸ ਨੂੰ ਅੱਜ ਕਲ੍ਹ "ਥੜ੍ਹਾ ਸਾਹਿਬ" ਕਿਹਾ ਜਾਂਦਾ ਹੈ। ਇਹ ਸਥਾਨ ਅਕਾਲ ਤਖ਼ਤ ਸਾਹਿਬ ਤੋਂ ਕੋਈ ੧੦੦ ਕੁ ਗਜ਼ ਦੂਰ ਹੈ।

******************

# ੯. ਅਨੰਦਪੁਰ ਸਾਹਿਬ ਦੀ ਸਥਾਪਨਾ

**੧੬੬੫ ਈ:** *(ਉਮਰ ੪੪ ਸਾਲ):* ਗਰੂ ਜੀ ਸ਼ਿਵਾਲਕ ਪਹਾੜੀਆਂ ਤੋਂ ਅੱਗੇ ਬਿਲਾਸਪੁਰ ਗਏ। ਬਿਲਾਸਪੁਰ ਦੀ ਰਾਣੀ ਚੰਪਾ ਨੇ ਮਾਤਾ ਨਾਨਕੀ ਜੀ (ਗੁਰੂ ਜੀ ਦੇ ਮਾਤਾ ਜੀ) ਨੂੰ ਬੇਨਤੀ ਕੀਤੀ ਕਿ ਉਹ ਉਸਦੇ ਰਾਜ ਵਿਚ ਸਿੱਖ ਅਦਾਰਾ ਬਨਾਉਣ। ਉਸਨੇ ਜ਼ਮੀਨ ਦਾ ਇਕ ਟੁਕੜਾ ਗੁਰੂ ਜੀ ਨੂੰ ਤੋਹਫ਼ੇ ਵਜੋਂ ਦੇਣ ਦੀ ਇੱਛਾ ਪਰਗਟ ਕੀਤੀ। ਗੁਰੂ ਜੀ ਨੇ ਉਸ ਧਰਤੀ ਦੀ ਕੀਮਤ ਅਦਾ ਕਰਕੇ ਉਥੇ ਨਗਰ ਵਸਾਉਣਾ ਚੰਗਾ ਸਮਝਿਆ। ਗੁਰੁ ਜੀ ਨੇ ਜ਼ਮੀਨ ਲਈ ੫੦੦ ਰੁਪੈ ਦੀ ਰਕਮ ਅਦਾ ਕਰ ਦਿਤੀ ਅਤੇ ਬਾਬਾ ਬੁੱਢਾ ਜੀ ਦੇ ਪੋਤੇ ਗੁਰਦਿੱਤਾ ਰੰਧਾਵਾ ਨੇ ਉਥੇ ਨੀਂਹ ਪੱਥਰ ਰਖਿਆ। ਜਿਵੇਂ ਕਿ ਇਮਾਰਤ-ਉਸਾਰੀ ਸ਼ੁਰੂ ਹੋਈ, ਲੋਕਾਂ ਨੇ ਉਥੇ ਆਕੇ ਰਹਿਣਾ ਅਤੇ ਉਥੇ ਕੰਮ ਕਰਨਾ ਸ਼ੁਰੂ ਕਰ ਦਿਤਾ।

ਇਸ ਨਵੇਂ ਨਗਰ ਦਾ ਨਾਮ ਗੁਰੁ ਜੀ ਦੀ ਮਾਤਾ ਦੇ ਨਾਮ ਤੇ ਪਹਿਲਾ 'ਚੱਕ ਨਾਨਕੀ' ਰਖਿਆ ਗਿਆ। ਵਰਤਮਾਨ ਸਮੇਂ ਵਿਚ ਉਥੇ ਗੁਰਦੁਆਰਾ 'ਗੁਰੂ ਕੇ ਮਹਿਲ' ਸਥਿਤ ਹੈ ਜਿਥੇ ਕਿ ਪਹਿਲੀ ਇਮਾਰਤ ਦੀ ਉਸਾਰੀ ਹੋਈ। ਹੌਲੀ ਹੌਲੀ ਹੋਰ ਇਮਾਰਤਾਂ ਬਣਦੀਆਂ ਗਈਆਂ। ਬਾਅਦ ਵਿਚ ਇਸ ਸ਼ਹਿਰ ਦਾ ਨਾਮ ਅਨੰਦਪੁਰ - ਖ਼ੁਸ਼ੀਆਂ ਦਾ ਸ਼ਹਿਰ - ਪੈ ਗਿਆ। ੧੬੯੯ ਈ: ਵਿਚ, ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਸਥਾਨ ਤੇ ਹੀ ਖ਼ਾਲਸਾ ਦੀ ਇਤਿਹਾਸਕ ਸਿਰਜਣਾ ਕੀਤੀ। ਅੱਜ ਕਲ੍ਹ ਇਹ ਸ਼ਹਿਰ ਅਨੰਦਪੁਰ ਸਾਹਿਬ ਵਜੋਂ ਜਾਣਿਆ ਜਾਂਦਾ ਹੈ। ਸਿੱਖਾ ਵਾਸਤੇ ਇਹ ਕੇਂਦਰੀ ਵਿਰਸਾ ਸਥਾਨ ਹੈ।

---

**************

# ੧੦. ਦੂਜੀ ਮਿਸ਼ਨਰੀ ਯਾਤਰਾ ਅਤੇ ਗੋਬਿੰਦ ਰਾਏ ਦਾ ਜਨਮ

**੧੬੬੫ ਈ:** *(ਉਮਰ ੪੪ ਸਾਲ):* ਗੁਰੂ ਤੇਗ਼ ਬਹਾਦਰ ਜੀ ੧੬੬੪ ਈ: ਵਿਚ ਵਾਪਸ ਪੰਜਾਬ ਆ ਗਏ ਸਨ। ੧੬੬੫ ਈ: ਦੇ ਮੱਧ ਵਿਚ, ਪਟਨਾ ਅਤੇ ਢਾਕਾ ਤੋਂ ਪ੍ਰਮੁੱਖ ਸਿੱਖ ਗੁਰੂ ਜੀ ਦੇ ਦਰਸ਼ਨਾਂ ਲਈ ਆਏ ਅਤੇ ਉਥੇ ਦੀਆ ਸਿੱਖ ਸੰਗਤਾਂ ਵਲੋਂ ਪਟਨਾ ਅਤੇ ਢਾਕਾ ਦਾ ਦੌਰਾ ਕਰਨ ਦਾ ਸੱਦਾ ਦਿਤਾ।ਗੁਰੂ ਜੀ ਨੇ ਪੂਰਬ ਤੋਂ ਆਈਆਂ ਸਿੱਖ-ਸੰਗਤਾਂ ਦੇ ਬੇਨਤੀ-ਸੱਦੇ ਨੂੰ ਮੰਨ ਲਿਆ ਅਤੇ ਆਪਣੇ ਪਰਿਵਾਰ ਨਾਲ ਪ੍ਰਮੁੱਖ ਸਿੱਖ ਪਰਚਾਰਕਾਂ ਦੇ ਸਮੇਤ ਅਕਤੂਬਰ ੧੬੬੫ ਈ: ਵਿਚ ਯਾਤਰਾ ਤੇ ਚਲ ਪਏ। ਆਪਣੀ ਯਾਤਰਾ ਨੂੰ ਪੂਰਬੀ ਭਾਰਤ ਵਿਚ ਜਾਰੀ ਰਖਦੇ ਹੋਏ ਅਤੇ ਗਯਾ ਰਾਹੀਂ ਚਲਦੇ ਹੋਏ ਪਟਨਾ ਪਹੁੰਚੇ। ਇਕ ਸਿੱਖ ਨੇ ਗੁਰੂ ਜੀ ਅਤੇ ਪਰਿਵਾਰ ਦੇ ਰਹਿਣ ਲਈ ਆਪਣਾ ਘਰ ਦਿਤਾ। ਗੁਰੂ ਜੀ ਕੁਝ ਮਹੀਨੇ ਉਥੇ ਰਹੇ। ਬਹੁਤ ਗਿਣਤੀ ਵਿਚ ਲੋਕ ਹਰ ਰੋਜ਼ ਗੁਰੂ ਜੀ ਦੇ ਦਰਸ਼ਨਾਂ ਲਈ ਅਤੇ ਉਹਨਾਂ ਦੀਆਂ ਪਰਚਾਰਕ ਸਿਖਿਆਵਾਂ ਸੁਨਣ ਲਈ ਆਉਂਦੇ। ਗੁਰੂ ਜੀ ਨੇ ਮਾਤਾ ਨਾਨਕੀ, ਮਾਤਾ ਗੂਜਰੀ ਅਤੇ ਮਾਮਾ ਕਿਰਪਾਲ ਚੰਦ ਨੂੰ ਉਥੇ ਪਟਨਾ ਵਿਚ ਛੱਡ ਕੇ ਅੱਗੇ ਯਾਤਰਾ ਤੇ ਚਲੇ ਗਏ। ਮਾਤਾ ਗੂਜਰੀ ਜੀ ਉਸ ਵੇਲੇ ਗਰਭਵਤੀ ਹੋਣ ਕਾਰਨ ਆਪਣੇ ਬੱਚੇ ਦੇ ਜਨਮ ਦੀ ਉਡੀਕ ਵਿਚ ਸਨ ਅਤੇ ਉਹਨਾਂ ਨੂੰ ਉਥੇ ਰਹਿਣ ਲਈ ਕਿਹਾ ਗਿਆ।

**੧੬੬੬ ਈ:** *(ਉਮਰ ੪੫ ਸਾਲ):* ਅਜਿਹੀਆਂ ਪਰਚਾਰਕ ਯਾਤਰਾਵਾਂ ਸਦਕਾ ਪੂਰਬੀ ਭਾਰਤ ਦੀਆਂ ਸੰਗਤਾਂ ਨਾਲ ਗੁਰੂ ਜੀ ਦੇ ਡੂੰਘੇ ਸਬੰਧ ਬਣੇ ਅਤੇ ਸਿੱਖ ਸਭਾਵਾਂ ਨੂੰ ਵਧੇਰੇ ਸ਼ਕਤੀਸ਼ਾਲੀ ਅਤੇ ਪਰਸਾਰਤ ਬਣਾਇਆ। ਜਿਸ ਵੇਲੇ ਗੁਰੂ ਜੀ ਢਾਕਾ ਵਿਚ ਸਨ, ਤਾਂ ਉਹਨਾ ਨੇ ਪਟਨਾ ਵਿਚ ੨੨ ਦਸੰਬਰ, ੧੬੬੬ ਨੂੰ ਆਪਣੇ ਸਪੁੱਤਰ ਗੋਬਿੰਦ ਰਾਏ ਦੇ ਜਨਮ ਬਾਰੇ ਸੁਣਿਆ। ਬੱਚੇ ਦਾ ਨਾਮ ਗੋਬਿੰਦ ਰਾਏ ਰਖਿਆ ਗਿਆ। ਬਾਅਦ ਵਿਚ ਗੋਬਿੰਦ ਰਾਏ ਦਸਵੇਂ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਬਣੇ।

**੧੬੬੮ ਈ:** *(ਉਮਰ ੪੭ ਸਾਲ):* ਆਸਾਮ ਦਾ ਰਾਜਾ ਬਹੁਤ ਨਿਰਭੈ ਅਤੇ ਬਹਾਦਰ ਯੋਧਾ ਸੀ। ਉਹ ਔਰੰਗਜ਼ੇਬ ਦੀ ਹਕੂਮਤ ਨੂੰ ਨਹੀਂ ਮੰਨਦਾ ਸੀ ਅਤੇ ਨਾ ਹੀ ਕੋਈ ਨਜ਼ਰਾਨਾ ਦਿੰਦਾ ਸੀ। ਔਰੰਗਜ਼ੇਬ ਨੇ ਹਿੰਦੂ-ਰਾਜਪੂਤ ਸੈਨਕਾਂ ਦੀ ਇਕ ਬਹੁਤ ਵੱਡੀ ਫ਼ੌਜ ਆਸਾਮ ਤੇ ਹਮਲਾ ਕਰਨ ਲਈ ਭੇਜੀ। ਆਸਾਮ ਦਾ ਰਾਜਾ, ਜੋ ਕਿ ਗੁਰੂ ਜੀ ਦਾ ਸ਼ਰਧਾਲੂ ਸੀ, ਨੇ ਗੁਰੂ ਜੀ ਕੋਲ ਮਦਦ ਅਤੇ ਅਗਵਾਈ ਵਾਸਤੇ ਬੇਨਤੀ ਕੀਤੀ। ਮੁਗ਼ਲ ਫ਼ੌਜ ਦਾ ਮੁਖੀ ਵੀ ਇਕ ਹਿੰਦੂ-ਰਾਜਪੂਤ ਸੀ ਅਤੇ ਗੁਰੂ ਜੀ ਦਾ ਪੁਰਾਣਾ ਸੇਵਕ ਸੀ। ਗੁਰੂ ਜੀ ਨੇ ਦੋਨੋ ਫ਼ੌਜਾਂ ਵਿਚਕਾਰ ਸਮਝੌਤਾ ਕਰਵਾ ਦਿਤਾ। ਇਸਤਰ੍ਹਾਂ ਕਰਨ ਨਾਲ ਇਕ ਘਮਸਾਨ ਯੁੱਧ ਟਲ ਗਿਆ ਅਤੇ ਦੋਨੋ ਪਾਸੇ ਦੀਆ ਅਣਗਿਣਤ ਫ਼ੌਜਾਂ ਦਾ ਬਚਾਅ ਹੋ ਗਿਆ। ਦੋਨੋ ਧਿਰਾਂ ਨੇ ਮਿਲ ਕੇ ਇਕ ਥੜ੍ਹਾ 'ਤੇਗ਼ਪੁਰ' ਜਾਂ 'ਤੇਗ਼ ਪਰਬਤ' ਉਸਾਰਿਆ ਜੋ ਅਮਨ ਦੇ ਸਮਝੌਤੇ ਨੂੰ ਯਾਦ ਕਰਾਉਂਦਾ ਰਹੇ।

**੧੬੭੦ ਈ:** *(ਉਮਰ ੪੯ ਸਾਲ):* ਗੁਰੂ ਜੀ ਆਸਾਮ ਤੋਂ ਵਾਪਸ ਆਏ ਅਤੇ ਕੁਝ ਸਮਾਂ ਆਪਣੇ ਪਰਿਵਾਰ ਅਤੇ ਨਵ-ਜਨਮੇਂ ਸਪੁੱਤਰ ਨਾਲ ਪਟਨੇ ਵਿਚ ਗੁਜ਼ਾਰਿਆ। ਫਿਰ ਉਹ ਦਿੱਲੀ ਚਲੇ ਗਏ।

ਇਸ ਤੋਂ ਬਾਅਦ, ਗੁਰੂ ਜੀ ਅਤੇ ਪਰਿਵਾਰ ਨੇ ਕੁਝ ਸਮਾਂ ਬਕਾਲੇ ਵਿਚ ਗੁਜ਼ਾਰਿਆ ਅਤੇ ਫਿਰ ਉਥੋਂ ਆਨੰਦਪੁਰ ਚਲੇ ਗਏ, ਜੋ ਉਹਨਾਂ ਦੇ ਰਹਿਣ ਲਈ ਨਵਾਂ ਨਗਰ ਵਸਾਇਆ ਗਿਆ ਸੀ।

**੧੬੭੨ ਈ:** *(ਉਮਰ ੫੧ ਸਾਲ):* ਗੁਰੂ ਤੇਗ਼ ਬਹਾਦਰ ਜੀ ਪੰਜਾਬ ਦੇ ਮਾਲਵਾ ਇਲਾਕੇ ਵੱਲ ਇਕ ਹੋਰ ਧਾਰਮਿਕ ਯਾਤਰਾ ਲਈ ਚਲ ਪਏ। ਇਹ ਇਲਾਕਾ ਸਮਾਜਕ ਅਤੇ ਆਰਥਿਕ ਤੌਰ ਤੇ ਪਛੜਿਆ ਹੋਇਆ ਸੀ ਅਤੇ ਲਗਭਗ ਨਕਾਰਿਆ ਪਿਆ ਸੀ। ਇਥੋਂ ਦੇ ਲੋਕ ਗਰੀਬ ਪਰ ਮੇਹਨਤੀ ਸਨ। ਉਹਨਾਂ ਕੋਲ ਪੀਣ ਵਾਲੇ ਸਾਫ਼ ਪਾਣੀ, ਦੁੱਧ ਅਤੇ ਸਧਾਰਨ ਰੋਟੀ ਵਰਗੀਆਂ ਕੋਈ ਮੁੱਢਲੀਆਂ ਸਹੂਲਤਾਂ ਨਹੀਂ ਸਨ। ਗੁਰੂ ਜੀ ਨੇ ਕੋਈ ਡੇਢ ਸਾਲ ਲਈ ਇਲਾਕੇ ਦਾ ਦੌਰਾ ਕੀਤਾ। ਗੁਰੂ ਜੀ ਨੇ ਪਿੰਡ ਵਾਸੀਆਂ ਦੀ ਮਦਦ ਕੀਤੀ। ਗੁਰੂ ਜੀ ਅਤੇ ਸਿੱਖਾਂ ਨੇ ਬੰਜਰ ਜ਼ਮੀਨ ਵਿਚ ਪੌਦੇ ਲਗਾਉਣ ਵਿਚ ਸਹਾਇਤਾ ਕੀਤੀ। ਸਥਾਨਕ ਲੋਕਾਂ ਨੂੰ ਡੇਅਰੀ ਫਾਰਮਿੰਗ ਦਾ ਕੰਮ ਕਰਨ ਲਈ ਸਲਾਹ ਦਿਤੀ। ਗਰੀਬ ਅਤੇ ਬੇ-ਜ਼ਮੀਨੇ ਲੋਕਾਂ ਨੂੰ ਮੁਫ਼ਤ ਵਿਚ ਮਾਲ ਡੰਗਰ ਲੈ ਕੇ ਦਿਤਾ। ਪਾਣੀ ਦੀ ਘਾਟ ਨੂੰ ਪੂਰਾ ਕਰਨ ਲਈ, ਸਾਂਝੇ ਖੂਹ ਸੇਵਾ ਦੇ ਤੌਰ ਤੇ ਖੁਦਵਾਏ।

**************

# ੧੧. ਧਰਮ ਦੀ ਆਜ਼ਾਦੀ ਦਾ ਹੱਕ

**੧੬੭੩ ਈ:** *(ਉਮਰ ੫੨ ਸਾਲ):* ਗੁਰੂ ਜੀ ਬਕਾਲਾ ਤੋਂ ਅਨੰਦਪੁਰ ਸਾਹਿਬ ਚਲੇ ਗਏ। ਸਿੱਖਾਂ ਦੇ ਆਉਣ ਦੀ ਗਿਣਤੀ ਹਰ ਰੋਜ਼ ਵਧਦੀ ਰਹੀ। ਬਕਾਲਾ ਵਿਚ ਇਤਨੇ ਘਰ ਨਹੀਂ ਸਨ ਕਿ ਇੰਨੀ ਵੱਡੀ ਗਿਣਤੀ ਵਾਲੀ ਸੰਗਤ ਦੇ ਰਹਿਣ ਲਈ ਕਾਫ਼ੀ ਹੋਣ। ਜੁਆਨ ਗੋਬਿੰਦ ਰਾਇ ਦੀ ਪੜ੍ਹਾਈ ਹੋ ਰਹੀ ਸੀ ਅਤੇ ਉਹਨਾਂ ਨੇ ਬਹੁਤ ਸਾਰੀਆਂ ਭਾਸ਼ਾ ਅਤੇ ਲੜਾਈ ਲੜਨ ਦੀਆਂ ਤਕਨੀਕਾਂ ਅਨੰਦਪੁਰ ਸਾਹਿਬ ਵਿਚ ਰਹਿੰਦਿਆਂ ਸਿੱਖ ਲਈਆਂ ਸਨ।

**੧੬੭੫** ਈ: *(ਉਮਰ ੫੪ ਸਾਲ):* ਔਰੰਗਜ਼ੇਬ ਨੇ ਭਾਰਤ ਨੂੰ ਮੁਸਲਿਮ ਰਾਜ ਬਨਾਉਣ ਦਾ ਮਨ ਬਣਾ ਲਿਆ ਸੀ। ਉਸਨੇ ਮੁਸਲਿਮ ਧਰਮ ਦੇ ਫੈਲਾਨ ਦੇ ਕਈ ਪ੍ਰੋਗਰਾਮ ਲਾਗੂ ਕਰ ਦਿਤੇ ਸਨ ਅਤੇ ਗੈਰ-ਮੁਸਲਮਾਨਾਂ ਵਾਸਤੇ ਜਜ਼ੀਆ ਟੈਕਸ ਵੀ ਲਗਾ ਦਿਤਾ ਸੀ। ਦੀਵਾਲੀ ਅਤੇ ਹੋਲੀ ਦੇ ਤਿਉਹਾਰ ਮਨਾਉਣੇ ਮਨ੍ਹਾਂ ਕਰ ਦਿਤੇ ਸੀ। ਉਹ ਬੜੇ ਜਬਰ-ਜੋਰ ਨਾਲ ਹਿੰਦੂ ਮੰਦਰਾਂ ਨੂੰ ਮਸੀਤਾਂ ਵਿਚ ਬਦਲ ਰਿਹਾ ਸੀ।

ਕਸ਼ਮੀਰ ਦਾ ਗਵਰਨਰ ਹਿੰਦੂਆਂ ਨੂੰ ਇਸਲਾਮ ਵਿਚ ਜਬਰਨ ਬਦਲ ਰਿਹਾ ਸੀ। ੨੫ ਮਈ ਨੂੰ, ਕਸ਼ਮੀਰ ਦੇ ਗਵਰਨਰ ਨੇ ਆਪਣੀ ਕੱਟੜ ਨੀਤੀਆ ਅਧੀਨ ੧੬ ਕਸ਼ਮੀਰੀ ਪੰਡਤਾਂ ਦੇ ਇਕ ਗਰੁੱਪ ਨੂੰ ਨਿਰਾਸ਼ਾ ਵਲ ਪ੍ਰੇਰਿਤ ਕੀਤਾ ਅਤੇ ਉਹ ਗੁਰੂ ਜੀ ਦੀ ਸ਼ਰਨ ਅਤੇ ਅਗਵਾਈ ਮੰਗਣ ਲਈ ਨੌਵੇਂ ਨਾਨਕ ਕੋਲ ਅਨੰਦਪੁਰ ਸਾਹਿਬ ਆਏ। ਇਸ ਗਰੁੱਪ ਦੀ ਨੁਮਾਇੰਦਗੀ ਪੰਡਤ ਕਿਰਪਾ ਰਾਮ ਦੱਤ ਕਰ ਰਿਹਾ ਸੀ। ਉਹਨਾਂ ਨੇ ਪਹਿਲਾਂ ਵੀ ਹਿੰਦੂ ਮੰਦਰ ਅਤੇ ਰਾਜਪੂਤ ਰਾਜਿਆਂ ਕੋਲੋਂ ਮਦਦ ਮੰਗੀ ਸੀ, ਪਰ ਕਿਧਰੋਂ ਵੀ ਸਹਾਰਾ ਨਹੀਂ ਮਿਲਿਆ ਕਿਉਂਕਿ ਉਹ ਸਾਰੇ ਹੀ ਮੁਗ਼ਲ ਸਾਮਰਾਜ ਦੀ ਵਿਰੋਧਤਾ ਤੋਂ ਡਰਦੇ ਸਨ। ਉਹਨਾਂ ਨੂੰ ਵਿਸ਼ਵਾਸ ਸੀ ਕਿ ਨੌਵੇਂ ਨਾਨਕ ਦਾ ਘਰ ਹੀ ਉਹਨਾਂ ਦੀ ਆਖਰੀ ਉਮੀਦ ਬਣ ਸਕਦਾ ਸੀ।

ਲ਼ੋਕ ਭਲੀ-ਭਾਂਤ ਜਾਣਦੇ ਸਨ ਕਿ ਗੁਰੂ ਨਾਨਕ ਜੀ ਅਤੇ ਉਹਨਾਂ ਦੇ ਪਿਛੋਕੜ ਨਾਨਕ ਹਮੇਸ਼ਾ ਹੀ ਗਰੀਬਾਂ ਅਤੇ ਬੇਸਹਾਰਾ ਕਮਜ਼ੋਰ ਲੋਕਾਂ ਨਾਲ ਖੜੇ ਹੋਏ ਹਨ ਤਾਕਿ ਉਹ ਪੂਰਨ ਇੱਜ਼ਤ ਅਤੇ ਸਵੈ-ਮਾਣ ਨਾਲ ਜੀਵਨ ਜੀਊ ਸਕਣ। ਉਹ ਪੰਜਵੇਂ ਨਾਨਕ ਦੀ ਸ਼ਹੀਦੀ ਬਾਰੇ ਵੀ ਜਾਣਦੇ ਸਨ ਜਿਹਨਾਂ ਨੇ ਕਿਸੇ ਦਬਾਅ ਹੇਠ ਇਸਲਾਮ ਨਹੀਂ ਮੰਨਿਆ ਸੀ। ਉਹ ਛੇਵੇਂ ਨਾਨਕ ਬਾਰੇ ਵੀ ਜਾਣਦੇ ਸਨ ਜਿਹਨਾਂ ਨੇ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਪਹਿਨੀਆਂ ਅਤੇ ਸਵੈ-ਰਖਿਆ ਲਈ ਹਥਿਆਰਬੰਦ ਹੋਣਾ ਉਹਨਾਂ ਦੀ ਹਦਾਇਤ ਸੀ।

ਉਸ ਪ੍ਰਤੀਨਿਧ ਮੰਡਲ ਨੂੰ ਸੁਣਨ ਤੋਂ ਬਾਅਦ, ਗੁਰੂ ਜੀ ਨੇ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਗੁਰੂ ਨਾਨਕ ਦੇ ਘਰ ਤੋਂ ਕਦੇ ਕੋਈ ਨਿਰਾਸ ਨਹੀਂ ਗਿਆ। ਗੁਰੂ ਜੀ ਜਾਣਦੇ ਸਨ ਕਿ ਮੁਗ਼ਲ ਰਾਜੇ ਕੱਟੜਵਾਦੀ ਸਨ, ਅਤੇ ਉਹ ਕੋਈ ਵੀ ਬੇਨਤੀ ਨਹੀਂ ਸੁਣਨਗੇ। ਉਹਨਾਂ ਨੂੰ ਰੋਕਣ ਦਾ ਇਕੋ ਰਸਤਾ ਰਹਿ ਗਿਆ ਸੀ ਕਿ ਕੋਈ ਉਹਨਾਂ ਲਈ ਜੀਵਨ ਕੁਰਬਾਨ ਕਰੇ ਤਾਕਿ ਉਹਨਾਂ ਨੂੰ "ਧਰਮ ਦੀ ਆਜ਼ਾਦੀ ਦਾ ਹੱਕ" ਹਾਸਲ ਹੋ ਸਕੇ। ਗੁਰੂ ਜੀ ਨੇ ਹਿੰਦੂਆਂ ਦੀ ਸਹਾਇਤਾ ਕਰਨਾ ਮੰਨ ਲਿਆ। ਪੰਡਤਾਂ ਨੇ ਜਾ ਕੇ ਗਵਰਨਰ ਨੂੰ ਕਹਿ ਦਿਤਾ ਕਿ ਜੇ ਉਹ ਗੁਰੂ ਤੇਗ਼ ਬਹਾਦਰ ਜੀ ਨੂੰ ਇਸਲਾਮ ਵਿਚ ਤਬਦੀਲ ਕਰਨ ਵਿਚ ਸਫ਼ਲ ਹੋਏ ਤਾਂ ਕਸ਼ਮੀਰੀ ਪੰਡਤ ਵੀ ਮੁਸਲਮਾਨ ਬਣ ਜਾਣਗੇ। ਗਵਰਨਰ ਨੇ ਔਰੰਗਜ਼ੇਬ ਨੂੰ ਇਸ ਸ਼ਰਤ ਨਾਲ ਜਾਣੂ ਕਰਵਾ ਦਿਤਾ।

# ੧੨. ਦਸਵੇਂ ਨਾਨਕ ਵਜੋਂ ਗੋਬਿੰਦ ਰਾਏ

**੧੬੭੫ ਈ:** *(ਉਮਰ ੫੪ ਸਾਲ):* ਗੁਰੂ ਤੇਗ਼ ਬਹਾਦਰ ਜੀ ਨਾਲ ਹੋਈ ਹਿੰਦੂ ਬ੍ਰਾਹਮਣਾਂ ਦੀ ਗਲਬਾਤ (੨੫ ਮਈ, ੧੬੭੫) ਤੋਂ ਬਾਅਦ, ਗੁਰੂ ਜੀ ਨੇ ਪ੍ਰਮੁੱਖ ਸਿੱਖਾਂ ਨੂੰ ਅਨੰਦਪੁਰ ਆਉਣ ਦਾ ਸੱਦਾ ਦਿਤਾ। ਗੁਰੂ ਜੀ ਨੇ ਉਹਨਾਂ ਨੂੰ ਕਸ਼ਮੀਰੀ ਪੰਡਤਾਂ ਨਾਲ ਹੋਈ ਆਪਣੀ ਗਲਬਾਤ ਬਾਰੇ ਅਤੇ ਉਹਨਾਂ ਦੀ ਮਦਦ ਕਰਨ ਬਾਰੇ ਆਪਣੇ ਪੱਕੇ ਇਰਾਦੇ ਬਾਰੇ ਜਾਣਕਾਰੀ ਦਿਤੀ। ਗੁਰੂ ਜੀ ਨੇ ਦਸਿਆ ਕਿ ਉਹ ਜਲਦੀ ਹੀ ਦਿੱਲੀ ਜਾਣਗੇ ਅਤੇ ਔਰੰਗਜ਼ੇਬ ਵਲੋਂ ਸ਼ਹੀਦ ਕਰ ਦਿਤੇ ਜਾਣ ਬਾਰੇ ਉਮੀਦ ਕਰਦੇ ਸਨ।

ਜਿਵੇਂ ਕਿ ਨੌਵੇਂ ਨਾਨਕ ਅਨੰਦਪੁਰ ਤੋਂ ਚੱਲੇ, ਉਹਨਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਅਤੇ ਆਪਣੇ ਪਰਿਵਾਰ ਅਤੇ ਸ਼ਰਧਾਲੂ ਸਿੱਖਾਂ ਪਾਸੋਂ ਆਗਿਆ ਲਈ। ਆਪ ਜੀ ਦਾ ਸੰਦੇਸ਼ ਸੀ: "ਭੈ ਕਾਹੂ ਕੋ ਦੇਤ ਨਹਿ, ਨਹਿ ਭੈ ਮਾਨਤ ਆਨਿ" (ਕਿਸੇ ਹੋਰ ਤੇ ਕੋਈ ਡਰ ਨਾ ਪਾਓ, ਅਤੇ ਨਾ ਹੀ ਕਿਸੇ ਦਾ ਡਰ ਮੰਨੋ"). ਔਰੰਗਜ਼ੇਬ ਅਤੇ ਉਸਦੇ ਸਾਥੀਆਂ ਦੀਆਂ ਜ਼ਿਆਦਤੀਆਂ ਦਾ ਸਾਹਮਣਾ ਕਰਨ ਲਈ ਗੁਰੂ ਜੀ ਨੇ ਸਿੱਖਾਂ ਨੂੰ ਹੌਂਸਲਾ ਦਿਤਾ, ਪਰ ਆਪਣਾ ਧਰਮ ਨਹੀਂ ਤਿਆਗਿਆ। ਗੁਰੂ ਜੀ ਨੇ ਇਹ ਐਲਾਨ ਵੀ ਕੀਤਾ ਕਿ ਉਹ ਗੁਰਗੱਦੀ ਦੀ ਜ਼ਿੰਮੇਦਾਰੀ ਆਪਣੇ ਸਪੁੱਤਰ ਗੋਬਿੰਦ ਰਾਏ ਨੂੰ ਦੇ ਕੇ ਜਾ ਰਹੇ ਹਨ।

੮ ਜੁਲਾਈ, ੧੬੭੫ ਨੂੰ, ਗੁਰੂ ਜੀ ਨੇ ਸਾਰੀ ਸਿੱਖ ਸੰਗਤ ਨੂੰ ਇਕੱਠਿਆਂ ਕੀਤਾ। ਅਰਦਾਸ ਕੀਤੀ ਗਈ ਅਤੇ ਗੁਰਗੱਦੀ ਦੀ ਜ਼ਿੰਮੇਦਾਰੀ ਗੋਬਿੰਦ ਰਾਏ ਨੂੰ ਦੇ ਦਿਤੀ। ਇਸਤਰ੍ਹਾਂ, ਗੋਬਿੰਦ ਰਾਏ ਜੀ ਦਸਵੇਂ ਨਾਨਕ ਗੁਰੂ ਗੋਬਿੰਦ ਰਾਏ ਬਣ ਗਏ।

੧੧ ਜੁਲਾਈ, ੧੬੭੫ ਵਾਲੇ ਦਿਨ, ਨੌਵੇਂ ਨਾਨਕ ਅਨੰਦਪੁਰ ਤੋਂ ਦਿੱਲੀ ਲਈ ਰਵਾਨਾ ਹੋਏ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਅਤੇ ਹੋਰ ਪ੍ਰਮੁੱਖ ਸਿੱਖ ਉਹਨਾ ਦੇ ਨਾਲ ਚਲ ਪਏ।

**************

# ੧੩. ਨੌਵੇਂ ਨਾਨਕ ਦੀ ਗ੍ਰਿਫ਼ਤਾਰੀ

**ਜੁਲਾਈ ੧੬੭੫** *(ਉਮਰ ੫੪ ਸਾਲ):* ਜਦੋਂ ਗੁਰੂ ਜੀ ਅਨੰਦਪੁਰ ਤੋਂ ਦਿੱਲੀ ਲਈ ਰਵਾਨਾ ਹੋਏ, ਔਰੰਗਜ਼ੇਬ ਉਸ ਵੇਲੇ ਹਸਨ ਅਬਦਾਲ (ਜਿਥੇ ਗੁਰਦਵਾਰਾ ਪੰਜਾ ਸਾਹਿਬ ਸੁਸ਼ੋਭਤ ਹੈ) ਵਿਚ ਸੀ। ਜਦ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬ ਨੂੰ ਹਿੰਦੂ ਬ੍ਰਾਹਮਣਾਂ ਵਲੋਂ ਪੇਸ਼ ਕੀਤੀ ਤਜਵੀਜ਼ ਦਿਤੀ ਤਾਂ ਉਹ ਬਹੁਤ ਖ਼ੁਸ ਹੋਇਆ। ਉਸਨੇ ਸੋਚਿਆ ਕਿ ਉਸਨੂੰ ਕਸ਼ਮੀਰੀ ਹਿੰਦੂਆਂ ਨੂੰ ਇਸਲਾਮ ਵਿਚ ਬਦਲਣ ਲਈ ਇਕ ਸੌਖਾ ਰਸਤਾ ਲੱਭ ਗਿਆ ਸੀ। ਉਸਨੇ ਸਿਰਫ਼ ਗੁਰੂ ਤੇਗ਼ ਬਹਾਦਰ ਜੀ ਨੂੰ ਹੀ ਇਸਲਾਮ ਵਿਚ ਤਬਦੀਲ ਕਰਨਾ ਸੀ। ਉਸਨੇ ਲਾਹੌਰ ਅਤੇ ਸਰਹੰਦ ਦੇ ਗਵਰਨਰਾਂ ਨੂੰ ਹਦਾਇਤ ਦਿਤੀ ਕਿ ਉਹ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲੈਣ ਅਤੇ ਉਹਨਾਂ ਨੂੰ ਕਿਸੀ ਵੀ ਤਰੀਕੇ ਨਾਲ ਇਸਲਾਮ ਵਿਚ ਬਦਲਣ ।

ਗੁਰੂ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ੧੨ ਜੁਾਈ ਨੂੰ ਰੋਪੜ (ਪੰਜਾਬ ਦਾ ਸ਼ਹਿਰ) ਨੇੜੇ ਗ੍ਰਿਫ਼ਤਾਰ ਕਰ ਲਿਆ ਗਿਆ ਜਦ ਉਹ ਦਿੱਲੀ ਦੀ ਤਰਫ਼ ਜਾ ਰਹੇ ਸਨ। ਉਹਨਾਂ ਨੂੰ ਸਰਹੰਦ ਲਿਆਂਦਾ ਗਿਆ ਅਤੇ ਗਵਰਨਰ ਦੇ ਹਵਾਲੇ ਕੀਤਾ। ਮੁਸਲਿਮ ਧਰਮ ਦੇ ਕਈ ਬੁੱਧੀਜੀਵੀ ਅਤੇ ਮਾਹਰਾਂ ਨੇ ਗੁਰੂ ਜੀ ਨੂੰ ਸਮਝਾਉਣ ਦਾ ਯਤਨ ਕੀਤਾ ਕਿ ਮੁਸਲਿਮ ਧਰਮ ਬੇਹਤਰ ਧਰਮ ਹੈ ਅਤੇ ਗੁਰੂ ਜੀ ਨੂੰ ਇਹ ਧਰਮ ਧਾਰਣ ਕਰ ਲੈਣਾ ਚਾਹੀਦਾ ਹੈ। ਗੁਰੂ ਜੀ ਨੂੰ ਤਿੰਨ ਮਹੀਨਿਆਂ ਲਈ ਜੇਲ ਵਿਚ ਰਖਿਆ ਗਿਆ ਅਤੇ ਬਹੁਤ ਤਸੀਹਿਆਂ ਭਰੀ ਸਜ਼ਾ ਦਿਤੀ ਜਾਂਦੀ ਰਹੀ।

ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਧਾਰਮਿਕ ਵਿਸ਼ਵਾਸ ਨਾ ਤਿਆਗਿਆ। ਨੌਵੇਂ ਨਾਨਕ ਨੇ ਸਮਝਾਇਆ ਕਿ ਪ੍ਰਮਾਤਮਾ ਇਕ ਹੀ ਹੈ ਅਤੇ ਹਰ ਕਿਸੇ ਨੂੰ ਮਨ-ਚਾਹਿਆ ਧਰਮ ਧਾਰਣ ਕਰਨ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਇਹ ਸੁਣ ਕੇ ਗਵਰਨਰ ਗੁੱਸੇ ਵਿਚ ਆ ਗਿਆ। ਉਸਨੇ ਗੁਰੂ ਜੀ ਨੂੰ ਮੌਤ ਦੀ ਸਜ਼ਾ ਦੇਣ ਲਈ ਡਰਾਉਣਾ ਧਮਕਾਉਣਾ ਸ਼ੁਰੂ ਕੀਤਾ ਜੇ ਉਹ ਇਸਲਾਮ ਕਬੂਲ ਨਾ ਕਰਨ; ਪਰ ਸਭ ਕੁਝ ਬੇਅਰਥ ਗਿਆ।

ਸਰਹੰਦ ਦੇ ਗਵਰਨਰ ਨੇ ਔਰੰਗਜ਼ੇਬ ਨੂੰ ਸਥਿਤੀ ਬਾਰੇ ਜਾਣਕਾਰੀ ਦਿਤੀ। ਔਰੰਗਜ਼ੇਬ ਅੱਗ-ਬਬੂਲਾ ਹੋ ਗਿਆ। ਉਸਨੇ ਗਵਰਨਰ ਨੂੰ ਹਦਾਇਤਾਂ ਭੇਜੀਆ ਕਿ ਗੁਰੂ ਜੀ ਨੂੰ ਇਕ ਪਿੰਜਰੇ ਵਿਚ ਬੰਦ ਕਰਕੇ ਦਿੱਲੀ ਭੇਜ ਦਿਤਾ ਜਾਵੇ। ਗੁਰੂ ਜੀ ਨੂੰ ੫ ਨਵੰਬਰ, ੧੬੭੫ ਵਾਲੇ ਦਿਨ ਦਿੱਲੀ ਲਿਆਂਦਾ ਗਿਆ। ਔਰੰਗਜ਼ੇਬ ਗੁਰੂ ਜੀ ਅਪਨੇ ਸਾਹਮਨੇ ਕਤਲ ਕਰਵਾਨਾ ਚਾਹੁੰਦਾ ਸੀ। ਪਰ ਔਰੰਗਜ਼ੇਬ ਨੂੰ ਕੁਝ ਸਥਾਨਕ ਮੁਸ਼ਕਲਾਂ ਕਾਰਨ ਹਸਨ ਅਬਦਾਲ ਵਿਚ ਹੀ ਠਹਿਰਨਾ ਪਿਆ। ਉਸਨੇ ਦਿੱਲੀ ਦੇ ਮੁਖੀ ਨੂੰ ਹਦਾਇਤਾਂ ਭੇਜੀਆ ਕਿ ਉਹ ਗੁਰੂ ਤੇਗ਼ ਬਹਾਦਰ ਲਈ ਦਿੱਲੀ ਕਾਜ਼ੀ ਕੋਲੋਂ ਫ਼ਤਵਾ ਲੈ ਲਵੇ ਕਿ ਉਹ ਜਾਂ ਇਸਲਾਮ ਧਾਰਣ ਕਰਨ ਜਾਂ ਕਤਲ ਹੋਣ ਲਈ ਤਿਆਰ ਹੋ ਜਾਣ।

**************

# ੧੪. ਨੌਵੇਂ ਨਾਨਕ ਦੀ ਸ਼ਹਾਦਤ

**ਨਵੰਬਰ ੧੬੬੪** *(ਉਮਰ ੫੪ ਸਾਲ):* ਗੁਰੂ ਜੀ ਅਤੇ ਉਹਨਾਂ ਦੇ ਸਾਥੀਆਂ ਨੂੰ ੩ ਨਵੰਬਰ ਨੂੰ ਦਿੱਲੀ ਲਿਆਂਦਾ ਗਿਆ। ਗੁਰੂ ਜੀ ਨੂੰ ਦਿੱਲੀ ਵਿਚ ਲਾਲ ਕਿਲੇ ਦੇ ਨੇੜੇ ਚਾਂਦਨੀ ਚੌਕ ਦੀ ਕੋਤਵਾਲੀ ਵਿਚ ਕੈਦ ਕਰ ਦਿਤਾ ਗਿਆ। ਇਸ ਸਮੇਂ ਉਸ ਸਥਾਨ ਤੇ "ਗੁਰਦਵਾਰਾ ਸੀਸ ਗੰਜ ਸਾਹਿਬ" ਸੁਸ਼ੋਭਤ ਹੈ। ਇਹ ਗੁਰਦਵਾਰਾ ਸਿੱਖ ਜਰਨੈਲ ਸਰਦਾਰ ਬਘੇਲ ਸਿੰਘ ਨੇ ੧੭੯੦ ਈ: ਵਿਚ ਬਣਵਾਇਆ।

੫ ਨਵੰਬਰ ਨੂੰ ਗੁਰੂ ਜੀ ਨੂੰ ਸਰਕਾਰੀ ਕਾਜ਼ੀ (ਮੁਸਲਿਮ ਧਾਰਮਿਕ ਜੱਜ) ਕੋਲ ਲਿਆਂਦਾ ਗਿਆ। ਕਿਸੇ ਵੀ ਸਰੀਰਕ ਸਜ਼ਾ ਜਾਂ ਦੁਨਿਆਵੀ ਲਾਲਚ ਦਾ ਗੁਰੂ ਜੀ ਤੇ ਕੋਈ ਅਸਰ ਨਾ ਹੋਇਆ। ਔਰੰਗਜ਼ੇਬ ਦੀ ਇੱਛਾ ਅਨੁਸਾਰ, ਕਾਜ਼ੀ ਨੇ ਇਕ ਫ਼ਤਵਾ ਜਾਰੀ ਕੀਤਾ ਕਿ ਗੁਰੂ ਤੇਗ਼ ਬਹਾਦਰ ਜੀ ਤਿੰਨ ਸ਼ਰਤਾਂ ਵਿੱਚੋਂ ਕੋਈ ਇਕ ਚੁਣ ਲੈਣ:

੧. ਇਸਲਾਮ ਧਾਰਣ ਕਰਨ।
੨. ਆਪਣੇ ਮਿਸ਼ਨ ਦੀ ਬ੍ਰਹਮਤਾ ਨੂੰ ਸਾਬਤ ਕਰਨ ਲਈ ਕੋਈ ਚਮਤਕਾਰ ਦਿਖਾਉਣ।
੩. ਮਰਨ ਲਈ ਤਿਆਰ ਹੋਣ।

ਗੁਰੂ ਜੀ ਨੇ ਉੱਤਰ ਦਿਤਾ:

੧. ਆਪਣੇ ਧਰਮ ਅਨੁਸਾਰ ਚਲਣ ਦੀ ਹਰ ਕਿਸੇ ਨੂੰ ਆਜ਼ਾਦੀ ਹੋਣੀ ਚਾਹੀਦੀ ਹੈ, ਅਤੇ ਕਿਸੇ ਨੂੰ ਵੀ ਧਰਮ ਬਦਲਣ ਲਈ ਮਜਬੂਰ ਨਹੀਂ ਕਰਨਾ ਚਾਹੀਦਾ।
੨. ਚਮਤਕਾਰ ਦਿਖਾਉਣੇ 'ਰੱਬ ਦੀ ਰਜ਼ਾ' ਦਾ ਉਲੰਘਣ ਕਰਨਾ ਹੈ। 'ਰੱਬ ਦੀ ਰਜ਼ਾ' ਵਿਚ ਦਖਲ ਦੇਣ ਦਾ ਕਿਸੇ ਨੂੰ ਵੀ ਹੱਕ ਨਹੀਂ।
੩. ਜੀਊਣਾ ਜਾਂ ਮਰਨਾ ਪ੍ਰਮਾਤਮਾ ਦੇ ਹੱਥ ਵਿਚ ਹੈ। ਉਹ ਮਰਨੋਂ ਨਹੀਂ ਡਰਦੇ।

ਇਹ ਫ਼ੈਸਲਾ ਕੀਤਾ ਗਿਆ ਕਿ ਗੁਰੂ ਜੀ ਨੂੰ ਤੁਰੰਤ ਕਤਲ ਕਰ ਦੇ ਬਦਲੇ ਉਹਨਾਂ ਦੇ ਸਾਥੀਆਂ ਦਾ ਕਤਲ ਕਰਕੇ ਗੁਰੂ ਜੀ ਉੱਤੇ ਹੋਰ ਵਧੇਰੇ ਮਨੋਵਿਗਿਆਨਕ ਦਬਾਅ ਪਾਇਆ ਜਾਏ। ਇਹੋ ਜਿਹੇ ਫ਼ਤਵੇ ਦਿਆਲ ਦਾਸ, ਮਤੀ ਦਾਸ ਅਤੇ ਸਤੀ ਦਾਸ ਵਿਰੁੱਧ ਵੀ ਜਾਰੀ ਕੀਤੇ ਗਏ, ਜੋ ਗੁਰੂ ਜੀ ਦੇ ਸਾਥੀ ਸਨ।

ਨੌਵੇਂ ਨਾਨਕ ਦੇ ਮਨ ਵਿਚ ਦਹਿਸ਼ਤ ਬਨਾਉਣ ਲਈ, ੧੧ ਨਵੰਬਰ ੧੬੭੫ ਨੂੰ ਪਹਿਲਾਂ ਭਾਈ ਦਿਆਲ ਦਾਸ ਨੂੰ ਗੁਰੂ ਜੀ ਦੇ ਸਾਹਮਣੇ ਜੀਊਂਦੇ ਹੀ ਗਰਮ ਪਾਣੀ ਵਿਚ ਉਬਾਲ ਕੇ ਸ਼ਹੀਦ ਕਰ ਦਿਤਾ ਗਿਆ। ਭਾਈ ਮਤੀ ਦਾਸ ਨੂੰ ਜੀਊਂਦੇ ਹੀ ਆਰੇ ਨਾਲ ਚਿਰਵਾ ਦਿਤਾ ਗਿਆ। ਫਿਰ ਭਾਈ ਸਤੀ ਦਾਸ ਨੂੰ ਰੂੰ ਵਿਚ ਲਪੇਟ ਕੇ ਸਾੜ ਦਿਤਾ ਗਿਆ। ਗੁਰੂ ਜੀ ਹਾਲੇ ਵੀ ਧਰਮ ਬਦਲਣ ਅਤੇ ਚਮਤਕਾਰ ਦਿਖਾਉਣ ਵਿਰੁੱਧ ਆਪਣੇ ਫ਼ੈਸਲੇ ਤੇ ਦ੍ਰਿੜ ਸਨ। ਸੋ ਗੁਰੂ ਜੀ ਨੂੰ ਤਿੰਨ ਦਿਨਾਂ ਵਾਸਤੇ ਤਸੀਹੇ ਦਿਤੇ ਜਾਂਦੇ ਰਹੇ।

ਅਜਿਹੇ ਵਿਵਹਾਰ ਦੇ ਬਾਵਜੂਦ, ਤਸੀਹੇ ਦੇਣ ਦੀਆਂ ਸਾਰੀਆਂ ਹਰਕਤਾਂ ਗੁਰੂ ਜੀ ਨੂੰ ਡੁਲਾ ਨਾ ਸਕੀਆਂ ਕਿ ਉਹ ਅਪਨੇ ਬਚਾ ਲਈ ਸੋਚਣ। ਗੁਰੂ ਜੀ ਸ਼ਾਂਤ-ਚਿੱਤ ਅਤੇ ਦ੍ਰਿੜ ਰਹੇ। ਆਖਰਕਾਰ, ਨੌਵੇਂ ਨਾਨਕ ਨੂੰ ਚਾਂਦਨੀ ਚੌਕ ਦੇ ਖੁਲ੍ਹੇ ਮੈਦਾਨ ਵਿਚ ਲਿਆਂਦਾ ਗਿਆ। ਉਸੇ ਸ਼ਾਮ ਹੀ ਗੁਰੂ ਤੇਗ਼ ਬਹਾਦਰ ਜੀ ਦਾ

ਸੀਸ ਲੋਕਾਂ ਸਾਹਮਣੇ ਕਤਲ ਕਰ ਕੇ ਸ਼ਹੀਦ ਕਰ ਦਿਤਾ ਗਿਆ। ਕਤਲ ਕਰਨ ਵਾਲਾ ਜਲਾਲੁਦੀਨ ਸਮਾਣਾ ਦਾ ਰਹਿਣ ਵਾਲਾ ਸੀ। *(ਹੇਠਾਂ ਨੋਟ ਦੇਖੋ)।*

ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਤੋਂ ਇਕ ਦਿਨ ਪਹਿਲਾਂ, ਆਮ ਜਨਤਾ ਲਈ ਢੰਡੋਰਾ ਕਰਵਾ ਦਿਤਾ ਗਿਆ ਸੀ ਕਿ ਹਰ ਕੋਈ ਆ ਕੇ ਇਸ ਦਰਦਵੰਦ ਭਿਆਨਕ ਦ੍ਰਿਸ਼ ਨੂੰ ਦੇਖੇ। ਮਨੁੱਖਤਾ ਦੇ ਇਤਿਹਾਸ ਵਿਚ ਇਹ ਪਹਿਲਾ ਵਾਕਿਆ ਸੀ ਜਦ ਕਿਸੇ ਨੇ ਆਪਣੇ ਧਰਮ ਲਈ ਨਹੀਂ, ਪਰ ਹਰ ਇਨਸਾਨ ਨੂੰ ਧਰਮ ਦੀ ਆਜ਼ਾਦੀ ਦਾ ਜਕ ਦਿਵਾਣ ਲਈ ਕੁਰਬਾਨੀ ਦਿਤੀ ਹੋਵੇ।

ਗੁਰੂ ਜੀ ਦੀ ਸ਼ਹੀਦੀ ਤੋਂ ਬਾਅਦ, ਕਿਸੇ ਨੂੰ ਵੀ ਗੁਰੂ ਜੀ ਦਾ ਸੀਸ ਜਾਂ ਸਰੀਰ ਦਫ਼ਨਾਉਣ ਲਈ ਲਿਜਾਣ ਦੀ ਇਜਾਜ਼ਤ ਨਹੀਂ ਸੀ। ਗੁਰੂ ਜੀ ਦੇ ਸਮੱਰਥਕਾਂ ਉਤੇ ਨਿਗਰਾਨੀ ਰਖਣ ਲਈ ਪਹਿਰੇਦਾਰ ਲਗਾ ਦਿਤੇ ਗਏ। ਪਰ ਭਾਈ ਜੈਤਾ ਨੇ ਇਕ ਜਮਾਦਾਰ ਦੇ ਭੇਸ ਵਿਚ ਗੁਰੂ ਜੀ ਦੇ ਸੀਸ ਨੂੰ ਇਕ ਟੋਕਰੇ ਵਿਚ ਚੁਕ ਲਿਆ। ਉਹ ਅਤੇ ਉਹਦੇ ਤਿੰਨ ਸਾਥੀ ਨੌਵੇਂ ਨਾਨਕ ਦੇ ਸੀਸ ਨੂੰ ਲੈ ਕੇ ਅਨੰਦਪੁਰ ਚਲੇ ਗਏ। ੧੬ ਨਵੰਬਰ, ੧੬੭੫ ਵਾਲੇ ਦਿਨ, ਉਹ ਦਸਵੇਂ ਨਾਨਕ ਪਾਸ ਅਨੰਦਪੁਰ ਪਹੁੰਚ ਗਏ ਅਤੇ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਗੁਰੂ ਗੋਬਿੰਦ ਰਾਏ ਜੀ ਦੇ ਸਾਹਮਣੇ ਰੱਖ ਦਿਤਾ। ਗੁਰੂ ਜੀ ਨੇ ਭਾਈ ਜੈਤਾ ਨੂੰ ਗਲ ਨਾਲ ਲਾ ਲਿਆ ਅਤੇ "ਰੰਗਰੇਟਾ, ਗੁਰੂ ਦਾ ਬੇਟਾ" ਹੋਣ ਦਾ ਖਿਤਾਬ ਬਖ਼ਸ਼ਿਆ।

੧੭ ਨਵੰਬਰ ਨੂੰ, ਨੌਵੇਂ ਨਾਨਕ ਦੇ ਸੀਸ ਦਾ ਭਰਪੂਰ ਸ਼ਰਧਾ ਅਤੇ ਸਤਿਕਾਰ ਨਾਲ ਅਨੰਦਪੁਰ ਵਿਚ ਸਸਕਾਰ ਕੀਤਾ ਗਿਆ। ਇਸ ਵੇਲੇ ਉਥੇ ਇਕ ਗੁਰਦਵਾਰਾ "ਸੀਸ ਗੰਜ ਸਾਹਿਬ" ਸੁਸ਼ੋਭਤ ਹੈ। ਬਾਅਦ ਵਿਚ ੧੬੯੯ ਨੂੰ, ਭਾਈ ਜੈਤਾ ਜੀਵਨ ਸਿੰਘ ਬਣ ਗਿਆ। ਚਮਕੌਰ ਦੀ ਜੰਗ ਵਿਚ ਉਸਨੇ ਸ਼ਹੀਦੀ ਪ੍ਰਾਪਤ ਕੀਤੀ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦੀ ਰਾਤ ਵੇਲੇ, ਇਕ ਠੇਕੇਦਾਰ ਭਾਈ ਲੱਖੀ ਸ਼ਾਹ ਵਣਜਾਰਾ (ਭਾਈ ਮਨੀ ਸਿੰਘ ਦੇ ਸਸੁਰ) ਸ਼ਹਾਦਤ ਵਾਲੇ ਸਥਾਨ ਪਾਸਿਓਂ ਲੰਘਿਆ। ਉਸਦੇ ਬਹੁਤੀ ਗਿਣਤੀ ਦੇ ਗੱਡਿਆਂ ਵਿਚ ਕਲੀ ਅਤੇ ਚੂਨਾ ਭਰਿਆ ਹੋਇਆ ਸੀ। ਵੱਡੀ ਗਿਣਤੀ ਵਿਚ ਲੰਘਦੇ ਗੱਡਿਆਂ ਨਾਲ ਮਿੱਟੀ ਘੱਟੇ ਦੇ ਬੱਦਲ ਬਣ ਗਏ। ਲਖੀ ਸ਼ਾਹ ਨੇ ਗੁਰੂ ਜੀ ਦੇ ਧੜ ਨੂੰ ਇਕ ਗੱਡੇ ਵਿਚ ਰਖ ਲੈਣ ਦੇ ਮੌਕੇ ਦਾ ਫਾਇਦਾ ਉਠਾਇਆ ਅਤੇ ਦਿੱਲੀ ਨੇੜੇ ਆਪਣੇ ਪਿੰਡ ਰਾਇਸਾਨਾ ਲੈ ਗਿਆ। ਉਸਨੇ ਗੁਰੂ ਜੀ ਦੇ ਧੜ ਨੂੰ ਆਪਣੀ ਝੌਂਪੜੀ ਵਿਚ ਰਖਿਆ ਅਤੇ ਸਾਰੀ ਝੌਂਪੜੀ ਨੂੰ ਅੱਗ ਲਗਾ ਕੇ ਧੜ ਦਾ ਸਸਕਾਰ ਕੀਤਾ। ਇਸ ਸਸਕਾਰ ਕੀਤੇ ਜਾਣ ਵਾਲੀ ਥਾਂ ਤੇ ਇਸ ਵੇਲੇ ਗੁਰਦਵਾਰਾ ਰਕਾਬ ਗੰਜ ਸਾਹਿਬ ਸ਼ੁਸ਼ੋਭਿਤ ਹੈ। ਇਹ ਇਤਿਹਾਸਕ ਸਥਾਨ ਸਾਨੂੰ ਧਰਮ ਦੀ ਪਾਲਣਾ ਕਰਨ ਹਿਤ ਅਪਰੰਪਾਰ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ। ਇਸ ਗੁਰਦੁਆਰੇ ਦੀ ਇਮਾਰਤ ਦੀ ਉਸਾਰੀ ਸਰਦਾਰ ਬਘੇਲ ਸਿੰਘ ਨੇ ੧੭੯੦ ਈ: ਵਿਚ ਕਰਵਾਈ।

ਗੁਰੂ ਤੇਗ਼ ਬਹਾਦਰ ਜੀ ਨੇ 'ਧਰਮ ਪ੍ਰਤੀ ਆਜ਼ਾਦ ਭਾਵਨਾ' ਰਖਣ ਵਾਲਿਆਂ ਦੇ ਹਿਤ ਵਿਚ ਅਤੇ ਮਨੁੱਖਤਾ ਦੀ ਬੇਹਤਰੀ ਲਈ ਆਪਣਾ ਸੀਸ ਕੁਰਬਾਨ ਕੀਤਾ। ਹੋਰਨਾਂ ਦੇ ਧਾਰਮਿਕ ਅਕੀਦਿਆਂ ਦੀ ਰਖਿਆ ਕਰਨ ਲਈ ਗੁਰੂ ਤੇਗ਼ ਬਹਾਦਰ ਜੀ ਨੇ ਆਪਣਾ ਜੀਵਨ ਕੁਰਬਾਨ ਕਰਕੇ 'ਕਹਿਣੀ ਅਤੇ ਕਰਨੀ' ਰਾਹੀਂ ਇਹ ਜ਼ਾਹਰ ਕਰ ਦਿਤਾ ਕਿ ਆਪਣਾ ਨਿੱਜੀ ਜੀਵਨ ਕੁਰਬਾਨ ਕਰਕੇ ਵੀ ਮਨੁੱਖਤਾ ਲਈ ਇੱਜ਼ਤ-ਮਾਣ ਅਤੇ ਹੌਂਸਲਾ-ਭਰਪੂਰ ਜੀਵਨ ਪਰਦਾਨ ਕਰਨਾ ਹੁੰਦਾ ਹੈ।

ਨੌਵੇਂ ਨਾਨਕ ਦੀ ਸ਼ਹਾਦਤ ਨੇ ਹੋਰਨਾਂ ਨੂੰ ਵੀ ਹਿੰਮਤ ਬਖ਼ਸ਼ੀ ਹੈ ਕਿ ਉਹ ਵੀ ਸਮਾਜ ਵਿਚ ਉੱਚ-ਨੈਤਿਕ ਕਦਰਾਂ ਕੀਮਤਾਂ ਖਾਤਰ ਜੀਵਨ ਕੁਰਬਾਨ ਕਰਨ ਲਈ ਹਰ ਵੇਲੇ ਤਿਆਰ-ਬਰਤਆਰ ਰਹਿਣ। ਹੋਰਨਾਂ ਲਈ ਜੀਵਨ ਕੁਰਬਾਨ ਕਰਕੇ ਦਿਤੀ ਨਿਰ-ਸੁਆਰਥ ਸ਼ਹਾਦਤ ਦੀ ਮਿਸਾਲ ਨੇ ਸੰਸਾਰਕ ਪੱਧਰ ਤੇ ਮਨੁੱਖਤਾ ਦੇ ਅਧਿਕਾਰ ਅਤੇ ਧਾਰਮਿਕ ਆਜ਼ਾਦੀ ਨਾਲ ਜੀਵਨ ਜੀਊਣ ਨੂੰ ਭਰਪੂਰ ਸ਼ਕਤੀਸ਼ਾਲੀ ਹੋਣ ਦਾ ਹੁੰਗਾਰਾ ਭਰਿਆ ਹੈ।

ਆਪਣੀ ਸ਼ਹਾਦਤ ਦੀ ਸਦਾਕਾਲ ਮਿਸਾਲ ਬਣ ਕੇ, ਗੁਰੂ ਤੇਗ਼ ਬਹਾਦਰ ਜੀ ਨੇ ਇਹ ਜ਼ਾਹਰਾ ਸਪਸ਼ਟ ਕਰ ਦਿਤਾ ਕਿ ਰਾਜ-ਸਰਕਾਰਾਂ ਵਲੋਂ ਘੱਟ ਗਿਣਤੀਆਂ ਦੀ ਕਿਸੇ ਤਰ੍ਹਾਂ ਦੀ ਵੀ ਧਾਰਮਿਕ ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਨੂੰ ਕੁਚਲਣ ਦੀ ਕੋਸ਼ਸ਼ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸ ਨਾਲ ਆਜ਼ਾਦ ਜੀਵਨ ਅਤੇ ਨੈਤਿਕ ਕਦਰਾਂ ਪ੍ਰਤੀ ਸਿੱਖ ਵਿਸ਼ਵਾਸਾਂ ਨੂੰ, ਸਿੱਖ ਸਿਧਾਂਤਾਂ ਦੇ ਸਹਿਨਸ਼ੀਲ 'ਅਨੇਕਤਾ ਵਿਚ ਏਕਤਾ' ਦੇ ਵਿਸ਼ਵਾਸ ਅਤੇ ਅਭਿਆਸ ਨੂੰ ਦ੍ਰਿੜ ਕਰਵਾਉਣਾ ਬਣਦਾ ਹੈ, ਜੋ ਕਿ ਗੁਰੂ ਨਾਨਕ ਜੀ ਦੀ ਪ੍ਰਮੁੱਖ ਸਿਖਿਆ ਹੈ।

ਨੋਟ: ਸਮਾਨਾ ਵਿਚ ਜਲਾਲੁਦੀਨ ਦੇ ਪਰਿਵਾਰ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਫ਼ੌਜਾਂ ਨੇ ਹਮਲਾ ਕਰਕੇ ਸ਼ਹਿਰ ਦੀ ਤਬਾਹੀ ਕੀਤੀ। ਉਹਨਾਂ ਨੂੰ ਸਿੱਖਾਂ ਦਾ ਕਹਿਰ ਭੁਗਤਣਾ ਪਿਆ।

******************

# ੧੫. ਨੌਵੇਂ ਨਾਨਕ ਦੀਆਂ ਯਾਤਰਾਵਾਂ ਦਾ ਰੇਖਾ-ਚਿਤਰ



# ੧੬. ਮਹੱਤਵਪੂਰਣ ਯੋਗਦਾਨ

ਨੌਵੇਂ ਨਾਨਕ ਇਕ ਮਹਾਨ ਜਰਨੈਲ, ਵਿਦਵਾਨ, ਪਰਚਾਰਕ, ਪ੍ਰਬੰਧਕ ਅਤੇ ਕਵੀ ਸਨ। ਉਹਨਾਂ ਦੇ ਮਹੱਤਵਪੂਰਣ ਯੋਗਦਾਨ ਨੂੰ ਹੇਠ ਲਿਖੇ ਅਨੁਸਾਰ ਸ਼੍ਰੇਣੀ-ਬੱਧ ਕੀਤਾ ਜਾ ਸਕਦਾ ਹੈ:

੧. **ਕਵੀ:** ਆਪ ਜੀ ਨੇ ੧੫ ਰਾਗਾਂ ਵਿਚ ੫੯ ਪਦਿਆ ਦੀ ਰਚਨਾ ਕੀਤੀ। ਆਪ ਜੀ ਦੇ ਸ਼ਬਦ ਚਿੰਤਨਸ਼ੀਲ ਅਤੇ ਰਹੱਸਮਈ ਹਨ। ਇਹਨਾਂ ਸ਼ਬਦਾਂ ਨੂੰ ਦਸਵੇਂ ਨਾਨਕ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਆਖਰੀ ਸੰਕਲਨ ਵਿਚ ਅੰਕਿਤ ਕੀਤਾ। ਇਹਨਾਂ ਸ਼ਬਦਾਂ ਨੂੰ ਭਰਪੂਰ ਗਹਿਰੀ ਅਧਿਆਤਮਿਕ ਬਿਰਤੀ ਅਤੇ ਸਮਝ ਸਹਿਤ ਲਿਖਿਆ ਗਿਆ ਹੈ। ਇਹਨਾਂ ਸ਼ਬਦਾਂ ਦੀਆ ਤੁਕਾ ਵਿਚ ਪ੍ਰਮਾਤਮਾਂ ਪ੍ਰਤੀ ਪਿਆਰ, ਭਗਤੀ, ਸ਼ੁਭ-ਕਰਮਨ ਅਤੇ ਉਚ-ਇਖਲਾਕ ਦਾ ਪ੍ਰਗਟਾਵਾ ਹੈ। ਇਹਨਾਂ ਸ਼ਬਦਾਂ ਨੂੰ ਸਰਲ ਭਾਸ਼ਾ ਵਿਚ ਰਚਿਆ ਗਿਆ ਹੈ ਜਿਹਨਾ ਨੂੰ ਪੜ੍ਹਨਾ ਵੀ ਆਸਾਨ ਹੈ। ਗੁਰੂ ਜੀ ਸੰਨਿਆਸੀ ਲੌਕਿਕਤਾ ਦੀ ਕਿਧਰੇ ਵੀ ਪ੍ਰਸੰਸਾ/ਸ਼ਲਾਘਾ ਵਗੈਰਾ ਨਹੀਂ ਕਰਦੇ, ਅਤੇ ਨਾ ਹੀ ਮਨੁੱਖੀ ਜੀਵਨ ਨੂੰ ਕਿਧਰੇ ਛੁਟਿਆਉਂਦੇ ਹਨ। ਇਸ ਦੇ ਵਿਪਰੀਤ, ਉਹ ਮਨੁੱਖੀ ਜੀਵਨ ਨੂੰ ਬਹੁਕੀਮਤੀ ਤੋਹਫ਼ਾ ਕਹਿੰਦੇ ਹਨ। ਉਹਨਾਂ ਦੀਆ ਰਚਨਾਵਾਂ ਮਨੁੱਖ ਨੂੰ ਇਹ ਸੰਦੇਸ਼ ਦਿੰਦੀਆਂ ਹਨ ਕਿ ਮਿਲ ਚੁੱਕੀ ਸਥਿਤੀ ਤੋਂ ਉੱਪਰ ਉਭਾਰਿਆ ਜਾਵੇ ਅਤੇ ਆਤਮਾ ਦੀ ਉਚ-ਪੱਧਰੀ ਸਥਿਤੀ ਨੂੰ ਹਾਸਲ ਕੀਤਾ ਜਾਵੇ।

੨. **ਸਿੱਖੀ ਦਾ ਪਰਸਾਰ ਕਰਨਾ:** ਗੁਰੂ ਤੇਜ਼ ਬਹਾਦਰ ਜੀ ਦਾ ਜੀਵਨ ਸਿਰਫ਼ ੫੪ ਸਾਲ ਰਿਹਾ, ਫਿਰ ਵੀ ਉਹਨਾ ਸੰਸਾਰਕ ਇਤਿਹਾਸ ਵਿਚ ਮਹੱਤਵਪੂਰਣ ਹਿੱਸਾ ਪਰਦਾਨ ਕੀਤਾ। ਆਪ ਜੀ ਸਿਰਫ਼ ੧੧ ਸਾਲਾਂ ਵਾਸਤੇ ਗੁਰੂ ਰਹੇ। ਆਪ ਜੀ ਨੇ ਸਿੱਖ ਸੰਗਤਾਂ ਵਿਚ ਪਰਚਾਰ ਕਰਨ ਹਿਤ ੨੦ ਸਾਲ ਮਿਸ਼ਨਰੀ ਯਾਤਰਾਵਾਂ ਤੇ ਬਤੀਤ ਕੀਤੇ ਅਤੇ ਗੁਰੂ ਨਾਨਕ ਜੀ ਦੀਆਂ ਸਿਖਿਆਵਾਂ ਦਾ ਪਰਸਾਰ ਕੀਤਾ। ਉਹਨਾ ਦੇ ਦੌਰਿਆਂ ਦੀ ਯਾਦ ਵਿਚ ਪਿੰਡਾਂ ਅਤੇ ਨਗਰਾਂ ਵਿਚ ਕੋਈ ੨੦੦ ਗੁਰਦਵਾਰੇ ਬਣਾਏ ਗਏ।

੩. **ਮਿਲਿਟਰੀ ਕਾਰਜ:** ਸਿੱਖ ਸੰਗਤਾਂ ਦੀ ਰਖਿਆ ਲਈ ਉਹਨਾਂ ਨੇ ਜੰਗਾਂ ਵਿਚ ਕਈ ਤਰ੍ਹਾਂ ਦਾ ਯੋਗਦਾਨ ਪਾਇਆ ਅਤੇ ਵਿਰੋਧੀ ਰਾਜਿਆ ਦੇ ਸਮਝੌਤੇ ਲਈ ਵਿਚੋਲਗੀ ਕੀਤੀ।

੪. **ਨਵੇਂ ਨਗਰ:** ਆਪ ਜੀ ਨੇ ਅਨੰਦਪੁਰ ਸਮੇਤ ਅਨੇਕਾਂ ਨਵੇਂ ਨਗਰ ਸਥਾਪਤ ਕੀਤੇ ਅਤੇ ਸਮਾਜਿਕ ਭਲਾਈ ਲਈ ਕਈ ਪ੍ਰਾਜੈਕਟ ਸੰਪੂਰਨ ਕੀਤੇ। ਪੀਣ ਵਾਲੇ ਪਾਣੀ ਲਈ ਖੂਹ ਲਗਵਾਏ, ਸਰੋਵਰਾਂ ਅਤੇ ਬਾਉਲੀਆ ਦੀ ਉਸਾਰੀ ਕੀਤੀ।

੫. **ਅਦੁੱਤੀ ਸ਼ਹਾਦਤ:** "ਧਰਮ ਦੀ ਆਜ਼ਾਦੀ ਦੇ ਹੱਕ ਲਈ" ਆਪ ਜੀ ਦੀ ਅਦੁੱਤੀ ਸ਼ਹਾਦਤ ਅੰਤਰਰਤਸ਼ਟ੍ਰੀ ਪੱਧਰ ਤੇ ਇਕ ਯਾਦਗਾਰੀ ਇਤਿਹਾਸਕ ਕਦਮ ਹੈ।

**************

# ੧੭. ਨੌਵੇਂ ਨਾਨਕ ਦੇ ਜੀਵਨ ਦੀਆਂ ਵਿਸ਼ੇਸ਼ਤਾਵਾਂ

## ੧੬੨੧ ਤੋਂ ੧੬੭੫ ਈਸਵੀ ਤੱਕ

| | |
|---|---|
| ਜਨਮ | ੧ ਅਪ੍ਰੈਲ, ੧੬੨੧ |
| ਜਨਮ ਸਥਾਨ | ਗੁਰੂ ਕੇ ਮਹਿਲ, ਅੰਮ੍ਰਿਤਸਰ |
| ਮਾਤਾ ਪਿਤਾ | ਪਿਤਾ ਜੀ - ਗੁਰੂ ਹਰਿਗੋਬਿੰਦ ਜੀ (ਛੇਵੇਂ ਨਾਨਕ)<br>ਮਾਤਾ ਜੀ - ਮਾਤਾ ਨਾਨਕੀ ਜੀ |
| ਸੁਪਤਨੀ | ਮਾਤਾ ਗੂਜਰੀ ਜੀ |
| ਬੱਚੇ | ਸਪੁੱਤਰ - ਗੋਬਿੰਦ ਰਾਏ (ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ, ਦਸਵੇਂ ਨਾਨਕ) |
| ਭਰਾ | *ਬਾਬਾ ਗੁਰਦਿੱਤਾ ਜੀ *ਬਾਬਾ ਸੂਰਜ ਮਲ ਜੀ<br>*ਬਾਬਾ ਅਣੀ ਰਾਏ ਜੀ *ਬਾਬਾ ਅਟੱਲ ਰਾਏ ਜੀ |
| ਭੈਣ | ਬੀਬੀ ਵੀਰੋ ਜੀ |
| ਗੁਰਗੱਦੀ | ੧੧ ਅਗਸਤ, ੧੬੬੪, ਬਕਾਲਾ |
| ਜੋਤੀ ਜੋਤ | ੧੧ ਨਵੰਬਰ, ੧੬੭੫, ਦਿੱਲੀ |
| ਬਾਣੀ | ੧੫ ਰਾਗਾਂ ਵਿਚ ੫੯ ਪਦੇ ਅਤੇ ੫੭ ਸਲੋਕ।<br>ਗੁਰੂ ਗੋਬਿੰਦ ਸਿੰਘ ਜੀ ਨੇ ਆਪ ਜੀ ਦੀਆਂ ਰਚਨਾਵਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ। |
| ਯੋਗਦਾਨ | * ਚੱਕ ਨਾਨਕੀ ਨਗਰ ਵਸਾਇਆ ਜੋ ਪ੍ਰਫੁਲਤ ਹੋ ਕੇ ਅੱਜ ਕਲ੍ਹ ਅਨੰਦਪੁਰ ਸਾਹਿਬ ਵਜੋਂ ਜਾਣਿਆ ਜਾਂਦਾ ਹੈ।<br>* ਸਾਰੇ ਭਾਰਤ ਵਿਚ ਸਾਲਾਂ-ਬੱਧੀ ਦੂਰ ਨੇੜੇ ਯਾਤਰਾਵਾਂ ਕੀਤੀਆਂ, ਸਿੱਖੀ ਦਾ ਪਰਚਾਰ ਕੀਤਾ ਅਤੇ ਹਰ ਥਾਂ ਲੋਕਾਈ ਦਾ ਉਧਾਰ ਕੀਤਾ।<br>* ਹਰ ਕਿਸੇ ਲਈ 'ਧਰਮ ਦੀ ਆਜ਼ਾਦੀ' ਨੂੰ ਯਕੀਨਨ ਬਨਾਉਣ ਲਈ ਆਪਣਾ ਜੀਵਨ ਕੁਰਬਾਨ ਕੀਤਾ।<br>* ਮੋਹ-ਮਾਇਆ, ਡਰ ਅਤੇ ਮੁਥਾਜੀ ਤੋਂ ਨਿਰਲੇਪ ਹੋਣ ਦਾ ਸਬਕ ਪੜ੍ਹਾਇਆ। ਸਵੈ-ਸ਼ਕਤੀ ਗ੍ਰਹਿਣ ਕਰਨ ਲਈ ਸਚਾਈ, ਪਾਠ-ਪੂਜਾ, ਕੁਰਬਾਨੀ ਅਤੇ ਗਿਆਨ ਹਾਸਲ ਕਰਨ ਦੀ ਸਿਖਿਆ ਵੀ ਦਿਤੀ। |

# ੧੮. ਮਹੱਤਵਪੂਰਣ ਅੰਤਰ-ਰਾਸ਼ਟਰੀ ਘਟਨਾਵਾਂ

ਨੌਂਵੇਂ ਨਾਨਕ ਦੇ ਜੀਵਨ ਦੌਰਾਨ

| | |
|---|---|
| ੧੬੨੦ | *Mayflower* ਵਿਚ ਤਿੰਨ ਮਹੀਨੇ ਦੀ ਯਾਤਰਾ ਤੋਂ ਬਾਦ ਯਾਤਰੂ Plymouth Rock ਤੇ ਪਹੁੰਚੇ। |
| ੧੬੨੩ | Dutch West India Company New Netherland ਦੀ ਸਥਾਪਨਾ ਹੋਈ। |
| ੧੬੩੩ | ਜਾਂਚ-ਪੜਤਾਲ ਨੇ ਗੈਲੀਲੀਓ (ਤਾਰਾ-ਵਿਗਿਆਨੀ) ਨੂੰ ਆਪਣੇ ਕੌਪਰਨੀਕਨ ਥੀਊਰੀ ਦੇ ਮੱਤ ਨੂੰ ਤਿਆਗਣ ਲਈ ਮਜਬੂਰ ਕੀਤਾ। |
| ੧੬੪੨ | ਮਸ਼ਹੂਰ ‘ਸਿਵਿਲ ਜੰਗ’ ੧੬੫੧ ਤੱਕ ਲੜੀ ਗਈ। |
| ੧੬੪੩ | ਭਾਰਤ ਦੇ ਆਗਰਾ ਵਿਚ ‘ਤਾਜ ਮਹਲ’ ਦੀ ਉਸਾਰੀ ਸੰਪੂਰਨ ਹੋਈ। |
| ੧੬੫੪ | ਪਹਿਲੇ ਜੀਊ ਆਵਾਸੀ ਅਮਰੀਕਾ ਵਿਚ ਪਹੁੰਚੇ ਅਤੇ ਨੀਊ ਆਮਸਟਰਡਮ ਵਿਚ ਵਸਨੀਕ ਬਣੇ। |
| ੧੬੬੦ | ਬਰਤਾਨਵੀ ਸੰਸਦ ਨੇ ਸਮਰਾਟਸ਼ਾਹੀ ਦੀ ਬਹਾਲੀ ਵਾਸਤੇ ਸੱਦਾ ਦਿਤਾ; ਚਾਰਲਸ ੨ ਨੂੰ ਫ਼ਰਾਂਸ ਤੋਂ ਵਾਪਸ ਆਉਣ ਦਾ ਸੱਦਾ ਦਿਤਾ ਗਿਆ। |
| ੧੬੬੧ | ਚਾਰਲਸ ੨ ਦੀ ਬਰਤਾਨੀਆਂ ਦੇ ਬਾਦਸ਼ਾਹ ਵਜੋਂ ਤਾਜਪੋਸ਼ੀ ਕੀਤੀ ਗਈ।<br>ਲੂਈਸ਼ ਚੌਧਵੇਂ ਨੇ ਤਾਨਾਸ਼ਾਹ ਬਾਦਸ਼ਾਹ ਵਜੋਂ ਨਿੱਜੀ ਰਾਜ ਸ਼ੁਰੂ ਕੀਤਾ।<br>ਵਰਸਾਲਜ਼ ਦੀ ਉਸਾਰੀ ਸ਼ੁਰੂ ਹੋਈ। |
| ੧੬੬੪ | ਬਰਤਾਨਵੀ ਬਸਤੀਵਾਦੀਆਂ ਨੇ ਨੀਊ ਆਮਸਟਰਡਮ ਵਿਚ ਆਬਾਦ ਹੋਣ ਦਾ ਕਬਜ਼ਾ ਲਿਆ ਅਤੇ ਇਸਦਾ ਨਾਮ ਮੁੜ ਨੀਊ ਯਾਰਕ ਰਖਿਆ। |
| ੧੬੬੫ | ਲੰਡਨ ਵਿਚ ਮਹਾਮਾਰੀ ਪਲੇਗ ਕਾਰਨ ੭੫,੦੦੦ ਦੀ ਹੱਤਿਆ ਹੋਈ। |
| ੧੬੬੭ | ਮਿਲਟਨ ਨੇ Paradise Lost ਲਿਖਿਆ, ਜਿਸਨੂੰ ਅੰਗਰੇਜ਼ੀ ਵਿਚ ਸਭ ਤੋਂ ਵੱਡਾ ਮਹਾਂ-ਕਾਵਿ ਵਜੋਂ ਸਮਝਿਆ ਗਿਆ। |
| ੧੬੮੨ | ਵਿਲੀਅਮ ਪੈੱਨ ਰਾਹੀਂ ਪੈਨਸਲਵਾਨੀਆ ਸਥਾਪਤ ਕੀਤਾ ਗਿਆ। |

# ਹਵਾਲੇ :


੧. *ਸਿੱਖ ਤਵਾਰੀਖ (ਭਾਗ ਪਹਿਲਾ, ੧੪੬੯-੧੭੦੮)*, ਹਰਜਿੰਦਰ ਸਿੰਘ ਦਿਲਗੀਰ; ਸਿੰਘ ਬ੍ਰਦਰਜ਼, ਅੰਮ੍ਰਿਤਸਰ।

੨. *ਗੁਰ ਇਤਿਹਾਸ (ਪਾਤਸ਼ਾਹੀ ੨-੯);* ਪ੍ਰੋ. ਸ਼ਾਹਿਬ ਸਿੰਘ; ਸਿੰਘ ਬ੍ਰਦਰਜ਼, ਅੰਮ੍ਰਿਤਸਰ।

੩. ਸਿੱਖ-ਧਰਮ ਦਾ ਮਹਾਨ-ਕੋਸ਼; ਹਰਬੰਸ ਸਿੰਘ; ਪੰਜਾਬੀ ਯੂਨੀਵਰਸਿਟੀ, ਪਟਿਆਲਾ।

੪. *ਇਤਿ ਜਿਨ ਕਰੀ*, ਸਤਬੀਰ ਸਿੰਘ*;* ਨੀਊ ਬੁੱਕ ਕੰਪਨੀ, ਜਲੰਧਰ, ਭਾਰਤ।

੫. *ਗੁਰੂ ਤੇਗ ਬਹਾਦਰ*, ਡਾ. ਤ੍ਰਿਲੋਚਨ ਸਿੰਘ; ਗੁਰਦਵਾਰਾ ਪ੍ਰਬੰਧਕ ਕਮੇਟੀ, ਦਿੱਲੀ।

੬. *ਗੁਰੂ ਤੇਗ ਬਹਾਦਰ*, ਗੁਰਮੁਖ ਸਿੰਘ; ਨੈਸ਼ਨਲ ਸਿੱਖ ਸਰੋਤ ਕੇਂਦਰ, ਯੂ.ਕੇ.।

੭. *ਗੁਰੂ ਤੇਗ ਬਹਾਦਰ,* ਫ਼ੌਜਾ ਸਿੰਘ ਅਤੇ ਗੁਰਬਚਨ ਸਿੰਘ ਤਾਲਿਬ; ਪਬਲੀਕੇਸ਼ਨ ਬੀਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

੮. *Bed Time Stories ੬,* ਸੰਤੋਖ ਸਿੰਘ ਜਗਚੇਵ; ਸਿੱਖ ਮਿਸ਼ਨਰੀ ਸਰੋਤ ਕੇਂਦਰ, ਇੰਗਲੈਂਡ।

੯. *Stories from Sikh History ੩*, ਕਰਤਾਰ ਸਿੰਘ... ਆਦਿ; ਹੇਮਕੁੰਟ ਪ੍ਰੈੱਸ, ਨਵੀਂ ਦਿੱਲੀ।

੧੦. SGPC website, http://sgpc.net/ten-guru-sahibs/guru-Teg-Bahadar- sahib/

੧੧. Google search, world events.

# ਹੇਮਕੁੰਟ ਫ਼ਾਊਂਡੇਸਨ ਦੀਆਂ ਪੁਸਤਕਾਂ:

੧. *ਗੁਰੂ ਨਾਨਕ ਸਾਹਿਬ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਵਾਲਿਆਂ ਲਈ)

੨. *ਦੂਜੇ ਤੋਂ ਚੌਥੇ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਵਾਲਿਆਂ ਲਈ)

*੩.* ਪੰਜਵੇਂ ਨਾਨਕ (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਵਾਲਿਆਂ ਲਈ).

*੪. ਛੇਵੇਂ ਤੋਂ ਅਠਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਵਾਲਿਆਂ ਲਈ)

*੫. ਨੌਂਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਵਾਲਿਆਂ ਲਈ)

*੬. ਦਸਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਵਾਲਿਆਂ ਲਈ)

*੭.* ੧੭੧੮-੧੯੦੧ ਦੇ ਸਿੱਖ (ਅੰਗ੍ਰੇਜ਼ੀ ਅਤੇ ਪੰਜਾਬੀ; ੧੨-੧੪ ਸਾਲ ਦੀ ਆਯੂ ਵਾਲਿਆਂ ਲਈ)

੮. *ਸ੍ਰੀ ਗੁਰੁ ਗਰੰਥ ਸਾਹਿਬ ਵਿਚ ਭਗਤਾਂ ਦਾ ਸੰਦੇਸ਼* (ਅੰਗ੍ਰੇਜ਼ੀ ਅਤੇ ਪੰਜਾਬੀ; ੧੫-੧੭ ਸਾਲ ਦੀ ਆਯੂ ਵਾਲਿਆਂ ਲਈ)